# ਸਾਂਝੀ ਵਿਰਾਸਤ

ਜਿਲਦ 5 ਅੰਕ 52

1 ਵੈਸਾਖ 558 (14 ਅਪ੍ਰੈਲ 2026)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Punjabi Language, Culture, History and Heritage**

**Website: sanjhivirasat.org**

## ਵਿਸ਼ਾ ਸੂਚੀ (ਵਿਸਾਖ 558 ਅੰਕ)


| | | |
|---|---|---|
| ➢ ਸੰਪਾਦਕੀ ਨੋਟ | ਕਾਬਲ ਸਿੰਘ | 3 |
| ➢ ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ | ਮਨਿੰਦਰ ਸਿੰਘ | 4 |
| ➢ ਬਾਰਹ ਮਾਹਾ ਮਾਂਝ ਮਹਲਾ 5 | ਕਰਮਜੀਤ ਸਿੰਘ ਨੂਰ | 5 |
| ➢ ਵਿਸ਼ਵ ਧਰਤੀ ਦਿਵਸ | ਗੁਰਦੀਸ਼ ਕੌਰ ਗਰੇਵਾਲ | 6 |
| ➢ ਅੰਮ੍ਰਿਤ ਦਾ ਸੰਕਲਪ ਤੇ ਲੋੜ: ਭਾਗ 1 | ਅੰਮ੍ਰਿਤਪਾਲ ਕੌਰ | 7 |
| ➢ ਵੈਸਾਖ ਭਲਾ ਸਾਖਾਂ ਵੇਸ ਕਰੇ | ਮਨਿੰਦਰ ਸਿੰਘ | 10 |
| ➢ ਖਾਲਸਾ ਸਾਜਨਾ ਦਿਵਸ | ਚਰਨਦੀਪ ਕੌਰ | 14 |
| ➢ ਖਾਲਸਾ ਸਾਜਨਾ ਦਿਵਸ ਤੇ ਵਿਸ਼ੇਸ਼ | ਗੁਰਦੀਸ਼ ਕੌਰ ਗਰੇਵਾਲ | 15 |
| ➢ ਵਿਸਾਖੀ ਦੇ ਸਿੱਖੀ ਸਬੰਧਤ ਤੇ ਹੋਰ ਪੱਖ | ਕਾਬਲ ਸਿੰਘ | 16 |
| ➢ ਕਵੀ ਦਰਬਾਰ | ਜਸਵਿੰਦਰ ਸਿੰਘ ਰੁਪਾਲ | 19 |
| ➢ ਸਿੱਖੀ ਦੇ ਪੰਧ | ਸੁਖਮੰਦਰ ਸਿੰਘ ਗਿਲ | 23 |
| ➢ ਪੰਥ ਬਨਾਮ ਗੁਰੁ ਪੰਥ: ਭਾਗ 1 | ਨਿਰਮਲ ਸਿੰਘ | 24 |
| ➢ ਵਾਰਾਂ ਭਾਈ ਗੁਰਦਾਸ ਜੀ: ਭਾਗ 3 | ਜਸਵਿੰਦਰ ਸਿੰਘ ਰੁਪਾਲ | 28 |
| ➢ ਕੈਲੀ ਗਰਾਫੀ | ਮਨਿੰਦਰ ਕੌਰ | 31 |
| ➢ ਸਿਖ ਰਾਜ ਦਾ ਆਖਰੀ ਮਹਾਰਾਜਾ | ਮਿਲਖਾ ਸਿੰਘ, ਕਾਬਲ ਸਿੰਘ | 32 |
| ➢ ਮਹਾਰਾਜਾ ਰਣਜੀਤ ਸਿੰਘ | ਗੁਰਚਰਨ ਕੌਰ ਥਿੰਦ | 37 |
| ➢ ਧੰਨਾ ਵਡਭਾਗਾ: ਭਾਗ 1 | ਜਸਵਿੰਦਰ ਸਿੰਘ ਰੁਪਾਲ | 41 |
| ➢ ਗੁਰੂ ਨਾਨਾਕ ਸਾਹਿਬ ਦੀ ਦਾ ਵਿਰੋਧ ਕਿਉਂ? | ਗਲੋਬਲ ਸਿਖ ਕੌਸਲ | 44 |
| ➢ ਗੁਰਬਾਣੀ ਕਿਵੇਂ ਬਣੀਏ? | ਗਲੋਬਲ ਸਿਖ ਕੌਸਲ | 46 |
| ➢ ਲੇਖਕਾਂ ਲਈ ਜਾਣਕਾਰੀ | | 49 |
| ➢ ਐਡੀਟੋਰੀਅਲ ਬੋਰਡ ਤੇ ਸਲਾਹਕਾਰ | | 50 |

## ਸੰਪਾਦਕੀ ਨੋਟ

(ਵਿਸਾਖ 558 ਅੰਕ)

ਸਮੂਹ ਸਿੱਖ ਸੰਗਤਾਂ ਨੂੰ ਵਿਸਾਖੀ ਸੰਮਤ 558 ਦੀ ਲੱਖ ਲੱਖ ਵਧਾਈ ਹੋਵੇ ਜੀ

ਨਾਨਕਸ਼ਾਹੀ ਸੰਮਤ ਅਨੁਸਾਰ ਗੁਰੂ ਨਾਨਕ ਸਾਹਿਬ ਨੇ ਇੱਕ ਵਿਸਾਖ (14 ਅਪਰੈਲ) 1469 ਨੂੰ ਅਵਤਾਰ ਧਾਰਿਆ ਸੀ। ਵਿਸਾਖੀ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ (ਸਨ 1699 ਵਿਚ) "ਖਾਲਸਾ ਪੰਥ" ਦੀ ਸਾਜਨਾ ਕੀਤੀ ਸੀ। ਇਹ ਦਿਨ "**ਦਸਤਾਰ ਦਿਵਸ**" ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ।

ਸ਼ਹੀਦ ਭਾਈ ਮਨੀ ਸਿੰਘ ਜੀ ਦਾ ਜਨਮ ਵਿਸਾਖ ਵਿਚ ਹੋਇਆ ਸੀ। ਅਪ੍ਰੈਲ ਕੈਨੇਡਾ ਵਿਚ ਸਿੱਖਾਂ ਦੇ ਵਿਰਾਸਤੀ ਮਹੀਨੇ ਵਜੋਂ ਮਨਾਇਆ ਜਾਂਦਾ ਹੈ। ਅਮਰੀਕਾ ਵਿਚ 14 ਅਪਰੈਲ ਸਿੱਖ ਵਿਰਾਸਤ ਦਾ ਦਿਨ ਹੁੰਦਾ ਹੈ। ਪੰਜਾਬ ਵਿਚ ਵਿਸਾਖੀ ਤੋਂ ਕਣਕਾਂ ਦੀਆਂ ਵਾਢੀਆਂ ਸ਼ੁਰੂ ਹੁੰਦੀਆਂ ਹਨ।

18 ਅਪਰੈਲ 1982 ਨੂੰ ਇੰਗਲੈਂਡ ਨੇ ਪੁਰਾਣਾ ਐਕਟ-1867 (**British North American**) ਤਬਦੀਲ ਕਰ ਕੇ ਨਵਾਂ ਸੰਵਿਧਾਨਕ ਐਕਟ (**New Constitutional Act**) ਬਣਾਇਆ, ਜਿਸ ਨਾਲ ਕੈਨੇਡਾ ਨੂੰ ਸਾਰੇ ਮੁੱਢਲੇ ਨਾਗਰਿਕ ਅਧਿਕਾਰ ਦਿੱਤੇ ਗਏ।

ਜੂਲੀਅਨ (**Julian**) ਕੈਲੰਡਰ ਨੂੰ (ਜਿਸ ਵਿਚ ਨਵਾਂ ਸਾਲ ਅਪਰੈਲ ਤੋਂ ਸ਼ੁਰੂ ਹੁੰਦਾ ਸੀ) **Pope Gregory** XIII ਨੇ 1582 ਵਿਚ ਬਦਲ ਦਿਤਾ। ਇਸ ਵਿਚ ਨਵਾਂ ਸਾਲ ਜਨਵਰੀ ਤੋਂ ਸ਼ੁਰੂ ਹੋਣ ਲਗ ਪਿਆ। ਪਰ ਕਈ ਲੋਕ ਭੁਲੇਖੇ ਨਾਲ 1 ਅਪਰੈਲ ਨੂੰ ਹੀ ਨਵਾਂ ਸਾਲ ਮਨਾਉਂਦੇ ਰਹੇ। ਅਜਿਹੇ ਲੋਕਾਂ ਨੂੰ ਮਖੌਲ ਨਾਲ "ਅਪਰੈਲ ਫੂਲ" ਕਹਿਣਾਂ ਸ਼ੁਰੂ ਹੋ ਗਿਆ।

**ਲਿਖਤਾਂ ਭੇਜਣ ਦਾ ਸਮਾਂ**: ਮਹੀਨਾਵਾਰ ਅੰਕ ਨਾਨਕਸ਼ਾਹੀ ਮਹੀਨੇ ਦੀ ਪਹਿਲੀ ਤਰੀਕ (ਅੰਗਰੇਜੀ ਮਹੀਨੇ ਦੇ ਅੱਧ ਨੇੜੇ) ਨੂੰ ਛਾਪਿਆ ਜਾਂਦਾ ਹੈ। ਬੇਨਤੀ ਹੈ ਕਿ ਲੇਖਕ / ਕਵੀ ਰਚਨਾਵਾਂ ਅੰਕ ਛਪਣ ਦੀ ਤਰੀਕ ਤੋਂ 10 ਦਿਨ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨ।

**ਲਿਖਤਾਂ ਦੇ ਵਿਸ਼ੇ:** ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ, ਵਿਰਾਸਤ ਤੇ ਸਮਾਜਿਕ ਭਲਾਈ ਬਾਰੇ "**ਮੌਲਿਕ**" ਰਚਨਾਵਾਂ (ਲੇਖ, ਮਿੰਨੀ ਕਹਾਣੀਆਂ, ਆਪ-ਬੀਤੀਆਂ, ਕਵਿਤਾਵਾਂ ਜਾਂ ਪੰਜਾਬੀ ਪੁਸਤਕ ਸਮੀਖਿਆਵਾਂ) ਭੇਜਣ ਦੀ ਕ੍ਰਿਪਾਲਤਾ ਕਰਨ। ਲਿਖਤਾਂ ਕਿਸੇ ਵਿਅਕਤੀ, ਧਰਮ, ਸੰਸਥਾ ਜਾਂ ਰਾਜਨੀਤਕ ਪਾਰਟੀ ਵਿਰੁੱਧ; ਜਾਂ ਕਿਸੇ ਵੀ ਤਰਾਂ ਦੇ ਵਿਵਾਦ-ਗ੍ਰਸਤ ਵਿਸ਼ੇ ਬਾਰੇ ਨਾ ਹੋਣ। ਸਾਡਾ ਮੰਤਵ ਕੇਵਲ ਨਰੋਏ ਸਮਾਜ ਅਤੇ ਭਾਈਚਾਰੇ ਲਈ ਵਿਦਵਾਨਾਂ ਦੇ ਲੇਖ ਅਤੇ ਕਾਵਿਕ ਵਿਚਾਰ ਪਾਠਕਾਂ ਤਕ ਪੁਚਾਣਾ ਹੈ।

**ਇਕਸਾਰਤਾ ਲਈ 'ਜ਼ਰੂਰੀ ਜਾਣਕਾਰੀ:** ਰਚਨਾਵਾਂ ਦੋ (2) ਪੰਨਿਆਂ (800 ਸ਼ਬਦਾਂ) ਤਕ ਦੀਆਂ ਹੀ ਹੋਣ ਦਾ ਸੁਝਾ ਹੈ। ਇਸ ਤੋਂ ਲੰਮੀਆਂ ਪ੍ਰਵਾਨਿਤ ਲਿਖਤਾਂ Blog (**ਵੈਬਸਾਈਟ**) ਉਤੇ ਪਾਈਆਂ ਜਾਂਦੀਆਂ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੀਆਂ ਜਾਂਦੀਆਂ ਹਨ। ਲੇਖਕ/ਕਵੀ ਆਪਣਾ ਈ-ਮੇਲ ਪਤਾ, ਵੱਟਸਐਪ ਜਾਂ ਫੋਨ ਨੰਬਰ, ਸ਼ਹਿਰ (ਮੁਲਕ) ਦਾ ਨਾਂ ਜ਼ਰੂਰ ਭੇਜਣ ਜੀ; ਅਤੇ ਜੇ ਚਾਹੁਣ ਤਾਂ ਆਪਣੀ ਫੋਟੋ ਵੀ ਭੇਜ ਸਕਦੇ ਹਨ। ਇਹ ਜਾਣਕਾਰੀ ਹਰ ਅੰਕ ਅਤੇ ਵੈਬਸਾਈਟ (*sanjhivirasat.org*) ਤੋਂ ਵੀ ਮਿਲ ਸਕਦੀ ਹੈ।

ਲਿਖਤਾਂ ਭੇਜਣ ਲਈ ਈ ਮੇਲ info@sanjhivirasat.org.

ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ।

ਕਾਬਲ ਸਿੰਘ, ਸੰਪਾਦਕ (ਐਡਮਿੰਟਨ, ਕੈਨੇਡਾ)

# ਬਾਰਹਮਾਹਾ ਤੁਖਾਰੀ ਛੰਤ ਮਹਲਾ 1
ਵੈਸਾਖ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

**ੴ ਸਤਿਗੁਰ ਪ੍ਰਸਾਦਿ**
**ਵੈਸਾਖੁ ਭਲਾ ਸਾਖਾ ਵੇਸ ਕਰੇ॥**
**ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥**
**ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥**
**ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥**
**ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥**
**ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥** (ਪੰਨਾ 1108)

## ਵਿਆਖਿਆ

"ਬਲਿਹਾਰੀ ਕੁਦਰਤਿ ਵਸਿਆ" ਦਾ ਦੀਦਾਰ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਮਨੁੱਖ ਨੂੰ ਆਪਣਾ ਜੀਵਨ ਆਦਰਸ਼ ਪ੍ਰਾਪਤ ਕਰਨ ਲਈ ਕੁਦਰਤ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਿਤ ਕਰਦੇ ਹਨ। ਵੈਸਾਖ ਦੇ ਮਹੀਨੇ ਕੁਦਰਤ ਨਵਾਂ ਸ਼ਿੰਗਾਰ ਕਰਦੀ ਹੈ। ਬਿਰਛਾਂ ਦੀ ਟਹਿਣੀਆਂ ਹਰੇ ਭਰੇ ਪੱਤਿਆ ਨਾਲ ਝੂਮਣ ਲਗ ਜਾਂਦੀਆਂ ਹਨ। ਪ੍ਰਭੂ ਪਤੀ ਦੇ ਮਿਲਾਪ ਦੀ ਤਿਆਰੀ ਕਰ ਰਹੀਆਂ ਹੋਣ। ਉਨ੍ਹਾ ਨੂੰ ਵੇਖ ਕੇ ਜੀਵ ਰੂਪੀ ਇਸਤ੍ਰੀ ਵੀ ਅਰਦਾਸ ਕਰਦੀ ਹੈ:

ਹੇ ਪ੍ਰਭੂ ਪ੍ਰੀਤਮ ਦਇਆ ਕਰਕੇ ਮੇਰੇ ਹਿਰਦੇ ਘਰ ਵਿਚ ਚਰਨ ਪਾਓ। ਮੈਨੂੰ ਨਾਮ ਦੀ ਦਾਤ ਬਖਸ਼ੋ। ਮੇਰਾ ਜੀਵਨ ਨਾਮ ਸਿਮਰਨ ਤੋਂ ਵਿਹੂਣਾ ਬੋਝਲ ਬਣਿਆ ਹੋਇਆ ਹੈ ਇਸ ਦਾ ਪਾਰ ਉਤਾਰਾ ਕਰੋ। ਇਸਦਾ ਦਾ ਨਾਮ ਸਿਮਰਨ ਤੋਂ ਬਿਨਾ ਕੌਡੀ ਵੀ ਮੁੱਲ ਨਹੀਂ। ਪਰ ਜੇਕਰ ਪਤੀ ਪ੍ਰਮੇਸ਼ਰ ਮੇਰੇ ਹਿਰਦੇ ਵਿਚ ਆ ਵੱਸੇ ਤੇ ਮੈਨੂੰ ਉਸਦੀ ਸੰਗਤ ਦਾ ਆਨੰਦ ਪ੍ਰਾਪਤ ਹੋ ਜਾਵੇ ਤਾਂ ਮੇਰਾ ਜੀਵਨ ਅਮੁੱਲ ਹੋ ਜਾਵੇ। ਗੁਰੂ ਉਪਦੇਸ਼ ਦੁਆਰਾ ਮੈਨੂੰ ਇਹ ਸਮਝ ਪੈ ਰਹੀ ਹੈ ਕਿ ਪ੍ਰਭੂ ਮਿਲਾਪ ਲਈ ਕਿਧਰੇ ਦੂਰ ਬਾਹਰ ਜਾਣ ਦੀ ਲੋੜ ਨਹੀ, ਉਸਾ ਦਾ ਨਿਵਾਸ ਤਾਂ ਮੇਰੇ ਹਿਰਦੇ ਰੂਪੀ ਮਹਿਲ ਵਿਚ ਹੈ ਜਿਸਨੂੰ ਵੈਸਾਖ ਰੂਪੀ ਜੀਵਨ ਵਿਚ ਸ਼ਬਦ ਕੇ ਸੁਰਤਿ ਜੋੜਨ ਨਾਲ ਪਾਇਆ ਜਾ ਸਕਦਾ ਹੈ।



ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪: ਵੈਸਾਖ ਮਹੀਨੇ ਦਾ ਪਾਠ

ੴ ਸਤਿਗੁਰ ਪ੍ਰਸਾਦਿ ।।

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥੩॥**

## ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ (ਭਾਰਤ)

ਵੈਸਾਖ ਦੇ ਮਹੀਨੇ ਰਾਹੀਂ ਪੰਚਮ ਪਾਤਸ਼ਾਹ ਸਾਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਵੈਸਾਖ ਦੇ ਮਹੀਨੇ ਵਿਚ ਰੁੱਤ ਦੇ ਫਿਰਨ ਨਾਲ ਬਨਸਪਤੀ ਖਿੜ ਜਾਂਦੀ ਹੈ। ਪਰ ਉਹ ਜੀਵ ਆਤਮਾ ਕਿਵੇਂ ਖਿੜ ਸਕਦੀ ਹੈ ਜੋ ਪਰਮਾਤਮਾ ਤੋਂ ਵਿਛੁੜ ਕੇ ਮਾਇਆ ਦੇ ਝੂਠੇ ਧੰਦਿਆਂ ਵਿਚ ਉਲਝ-ਉਲਝ ਕੇ ਮਰ ਰਹੀ ਹੈ। ਸੰਸਾਰ ਦੀ ਕੋਈ ਵੀ ਵਸਤੂ ਪੁੱਤਰ, ਇਸਤਰੀ, ਧਨ ਦੌਲਤ ਜੀਵ ਦੇ ਨਾਲ ਨਹੀਂ ਜਾਂਦੀ, ਕੇਵਲ ਪ੍ਰਮਾਤਮਾ ਦਾ ਨਾਮ ਵੀ ਅੰਤ ਨੂੰ ਸਹਾਇਕ ਹੁੰਦਾ ਹੈ। ਉਸ ਨੂੰ ਭੁਲਾ ਕੇ ਤਾਂ ਖੁਆਰ ਹੀ ਹੋਣਾ ਹੈ। ਪ੍ਰਭੂ ਦੀ ਪ੍ਰਾਪਤੀ ਹਰ ਸ਼ੈਅ ਦੀ ਪ੍ਰਾਪਤੀ ਹੈ। ਵੈਸਾਖ ਦੀ ਰੁੱਤ ਉਨ੍ਹਾਂ ਲਈ ਹੀ ਸੁਹਾਵਣੀ ਬਣ ਜਾਂਦੀ ਹੈ ਜਿਨ੍ਹਾਂ ਨੂੰ ਪ੍ਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ।



## ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪: ਵੈਸਾਖ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਵਿਛੜੀ ਵੈਸਾਖ ਵਿਚ, ਪਤੀ ਦੇ ਪ੍ਰੇਮ ਤੋਂ ਜੋ, ਦਿਲ ਉਹਦਾ ਦੱਸੇ ਭਲਾ ਕਿਸ ਤਰਾਂ ਖਲੋਵੇਗਾ।

ਸੱਜਣ ਪ੍ਰਭੂ ਨੂੰ ਵਿਸਾਰ ਕੇ ਤੇ ਮਨ ਓਹਦਾ, ਲਪਟਿਆ ਜੇ ਮਨਮੋਹਣੀ ਮਾਇਆ ਨਾਲ ਹੋਵੇਗਾ।

ਪੁੱਤਰ, ਨਾ ਇਸਤ੍ਰੀ, ਨਾ ਧਨ ਕਦੇ ਨਾਲ ਰਹਿੰਦਾ, ਹਰੀ ਦਾ ਜੋ ਨਾਮ, ਨਾਸ ਰਹਿਤ ਸਿਰਫ ਉਹ ਹੈ।

ਸਾਰਾ ਸੰਸਾਰ ਉਲਝ ਉਲਝ ਕੇ ਹੈ ਮਰੀ ਜਾਂਦਾ, ਪਿਆ ਐਸਾ ਮਾਇਆ ਦਿਆਂ ਧੰਧਿਆ ਦਾ ਮੋਹ ਹੈ।

ਇੱਕ ਹਰੀ ਨਾਮ, ਜੀਵ ਆਤਮਾ ਦੇ ਨਾਲ ਜਾਣਾ, ਬਾਕੀ ਹਰ ਇਕ ਚੀਜ਼ ਜਾਣੀ ਅੱਗੇ ਖੋਹੀ ਹੈ।

ਓਸ ਨੂੰ ਵਿਸਾਰ ਕੇ ਖੁਆਰ ਹੋਣਾ ਜਿੰਦਗੀ ’ਚ, ਉਹਦੇ ਬਾਝੋਂ ਆਤਮਾਂ ਦਾ ਆਸਰਾ ਨਾ ਕੋਈ ਹੈ।

ਚਰਣਾਂ ਦੇ ਨਾਲ ਤੇਰੇ ਲੱਗ ਜਾਵੇ ਪ੍ਰੀਤਮਾਂ ਜੋ, ਸ਼ੋਭਾ ਓਸ ਬੰਦੇ ਦੀ ਹੈ ਹੁੰਦੀ ਗੱਜ ਵੱਜ ਕੇ।

ਪ੍ਰਭੂ ਤੇਰੇ ਅੱਗੇ ਤੇਰੇ ਨਾਨਕ ਦੀ ਬੇਨਤੀ ਹੈ, ਹੋ ਜਾਵੇ ਮੈਨੂੰ ਜੇ ਮਿਲਾਪ ਤੇਰਾ ਰੱਜ ਕੇ।

'ਨੂਰ' ਏਸ ਜਿੰਦ ਨੂੰ ਵੈਸਾਖ ਤਦੋਂ ਸੋਹੇਗਾ।

ਹਰੀ ਸੰਤ ਪ੍ਰਭੂ ਦਾ ਮਿਲਾਪ ਜਦੋਂ ਹੋਏਗਾ॥

## ਵਿਸ਼ਵ ਧਰਤੀ ਦਿਵਸ ਤੇ ਵਿਸ਼ੇਸ਼: ਧਰਤੀ ਮਾਂ ਦੀ ਪੁਕਾਰ: 22 ਅਪ੍ਰੈਲ

ਗੁਰਦੀਸ਼ ਕੌਰ ਗਰੇਵਾਲ (ਕੈਲਗਰੀ, 403 404 1450)

ਮੈਂ ਧਰਤੀ ਮਾਂ ਕਰਾਂ ਪੁਕਾਰ,
ਮੇਰੀ ਵੀ ਹੁਣ ਲੈ ਲਓ ਸਾਰ।

ਨਾ ਸ਼ੁਧ ਹਵਾ ਨਾ ਸ਼ੁਧ ਪਾਣੀ,
ਕੀ ਕਰੇ ਧਰਤੀ ਮਾਂ ਰਾਣੀ।

ਸ਼ੋਰ ਸ਼ਰਾਬਾ ਵੀ ਕੰਨ ਪਾੜੇ,
ਧੂੰਆਂ ਮੇਰੇ ਦਿਲ ਨੂੰ ਸਾੜੇ।

ਜੀਵ ਜੰਤੂ ਵੀ ਮੁੱਕਣ ਲੱਗੇ,
ਫੁੱਲ ਬੂਟੇ ਵੀ ਸੁੱਕਣ ਲੱਗੇ।

ਪਾਣੀ ਹੈ ਜ਼ਹਿਰੀਲਾ ਹੋਇਆ,
ਜਿਊਣ ਦਾ ਹੱਕ ਤੁਸਾਂ ਹੈ ਖੋਹਿਆ।

ਕੂੜਾ ਏਨਾ ਸੁੱਟੀ ਜਾਵੋ,
ਸਾਹ ਮੇਰਾ ਤਾਂ ਘੁੱਟੀ ਜਾਵੋ।

ਹੋਈ ਜਾਣ 'ਓਜ਼ੋਨ' 'ਚ ਛੇਕ,
ਸੂਰਜ ਦਾ ਹੁਣ ਸਾੜੂ ਸੇਕ।

ਜੇ ਪ੍ਰਦੂਸ਼ਣ ਵਧਦਾ ਜਾਊ,
ਇੱਕ ਦਿਨ ਪਰਲੋ ਆ ਹੀ ਜਾਊ।

ਹਰ ਬੰਦਾ ਜੇ ਰੁੱਖ ਲਗਾਏ,
ਸਭ ਤੋਂ ਵੱਡਾ ਪੁੰਨ ਕਮਾਏ।

ਅਜੇ ਵੀ ਸੰਭਲੋ ਮੇਰੇ ਲੋਕੋ,
ਜਬਰੀ ਮੇਰਾ ਸਾਹ ਨਾ ਰੋਕੋ।

'ਦੀਸ਼' ਮੈਨੂੰ ਜੇ ਹੈ ਬਚਾਉਣਾ,
ਹਰਿਆਲੀ ਨਾਲ ਪਉ ਸਜਾਉਣਾ।



# ਅੰਮ੍ਰਿਤ ਦਾ ਸੰਕਲਪ ਅਤੇ ਲੋੜ: ਭਾਗ 1 – ਸੰਕਲਪ ਤੇ ਗੁਰਮਤਿ ਸਿਧਾਂਤ

ਅੰਮ੍ਰਿਤਪਾਲ ਕੌਰ (ਜਲੰਧਰ, ਭਾਰਤ)

'ਅੰਮ੍ਰਿਤ' ਸੰਸਕ੍ਰਿਤ ਦਾ ਸ਼ਬਦ ਹੈ ਜੋ 'ਮ੍ਰਿਤ' ਸ਼ਬਦ ਦੇ ਅੱਗੇ ਅਗੇਤਰ 'ਅ' ਲੱਗ ਕੇ ਬਣਿਆ ਹੈ, ਜਿਸ ਦਾ ਅਰਥ ਹੈ ਮ੍ਰਿਤ ਰਹਿਤ, ਮੌਤ ਤੋਂ ਮੁਕਤ, ਭਾਵ ਐਸਾ ਪਦਾਰਥ ਜਿਸ ਦੇ ਸੇਵਨ ਨਾਲ ਮੌਤ ਨਹੀਂ ਹੁੰਦੀ। ਸੰਸਾਰ ਦੇ ਸਾਰੇ ਧਰਮ ਗ੍ਰੰਥਾਂ ਵਿੱਚ ਅਤੇ ਪ੍ਰਾਚੀਨ ਸਾਹਿਤ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਅੰਮ੍ਰਿਤ, ਆਬੇ-ਹਯਾਤ ਜਾਂ ਐਸੀ ਹੀ ਕਿਸੇ ਵਸਤੂ ਦਾ ਜ਼ਿਕਰ ਜ਼ਰੂਰ ਮਿਲਦਾ ਹੈ ਜੋ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਜਾਂ ਨਿਜਾਤ ਦੁਆ ਦਿੰਦੀ ਹੈ।

ਵੈਦਿਕ ਰਿਸ਼ੀ ਮੁਨੀ ਸੋਮ ਰਸ ਨੂੰ ਅੰਮ੍ਰਿਤ ਕਹਿੰਦੇ ਆਏ ਹਨ। ਸਿੱਧ ਲੋਕ ਹਠ-ਯੋਗ ਸਾਧਨਾ ਦੁਆਰਾ ਦਸਮ ਦੁਆਰ ਤੋਂ ਝਰਦਾ ਅੰਮ੍ਰਿਤ ਪਾਨ ਕਰਦੇ ਦੱਸੇ ਜਾਂਦੇ ਹਨ। ਰਹੱਸਵਾਦੀ ਸੰਤਾਂ ਨੇ ਪ੍ਰਭੂ ਨਾਮ ਨੂੰ ਹੀ ਰਸਾਇਣ ਤੇ ਅੰਮ੍ਰਿਤ ਆਖਿਆ। ਇਸੇ ਤਰਾਂ ਗੁਰੂ ਸਾਹਿਬਾਨ ਨੇ 'ਇਕ ਨਾਮ' ਨੂੰ ਹੀ ਅੰਮ੍ਰਿਤ ਪ੍ਰਦਾਨ ਕਰਨ ਵਾਲੀ ਸ਼ਕਤੀ ਮੰਨਿਆ ਹੈ। ਇਸ ਕਰਕੇ ਗੁਰਬਾਣੀ ਅਨੁਸਾਰ ਨਾਮ ਹੀ ਅੰਮ੍ਰਿਤ ਹੈ, ਇਸੇ ਦੁਆਰਾ ਅਮਰਤਾ ਹਾਸਲ ਹੋ ਸਕਦੀ ਹੈ। ਧੰਨ ਗੁਰੂ ਅੰਗਦ ਦੇਵ ਜੀ ਫੁਰਮਾਨ ਕਰਦੇ ਹਨ:

**"ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥ ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥ (ਅੰਗ 1238)।**

ਪੁਰਾਤਨ ਕਥਾ ਅਨੁਸਾਰ ਖੀਰ ਸਮੁੰਦਰ ਨੂੰ ਰਿੜਕ ਕੇ ਜੋ ਅਦਭੁਤ 14 ਪਦਾਰਥ ਕੱਢੇ ਉਹਨਾਂ ਵਿੱਚ ਅੰਮ੍ਰਿਤ ਵੀ ਸੀ। ਇਸ ਸਬੰਧੀ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਜ਼ਿਕਰ ਕੀਤਾ ਹੈ।

**"ਖੀਰ ਸਮੁੰਦਰ ਵਿਰੋਲ ਕੈ, ਕਢਿ ਰਤਨ ਚਉਦੈ ਵੰਡ ਲੀਤੇ। ਘੋੜਾ ਮਿਲਿਆ ਸੂਰਜੈ ਮਦ ਅੰਮ੍ਰਿਤ ਦੇਵ ਦਾਨਵ ਕੀਤੇ।" (ਭਾਈ ਗੁਰਦਾਸ ਵਾਰ 26, ਪਉੜੀ 237)**

### ਗੁਰਮਤਿ ਅਨੁਸਾਰ ਅੰਮ੍ਰਿਤ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰਮਤ ਵਿੱਚ ਕਰਤਾਰ ਦੇ ਨਾਮ ਦਾ ਰਹੱਸ ਅਤੇ ਆਤਮ ਗਿਆਨ ਅੰਮ੍ਰਿਤ ਮੰਨਿਆ ਹੈ। ਜਿਸ ਤੋਂ ਨਿੱਤ ਜੀਵਨ ਪ੍ਰਾਪਤ ਹੁੰਦਾ ਹੈ, ਨਾਮ ਜਾਂ ਸ਼ਬਦ ਅੰਮ੍ਰਿਤ ਹੈ। ਇਹ ਅੰਮ੍ਰਿਤ ਗੁਰਮਿਤ ਦੁਆਰਾ ਪ੍ਰਾਪਤ ਹੁੰਦਾ ਹੈ।

**"ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਅੰਮ੍ਰਿਤੁ ਗੁਰਮਿਤ ਪਾਏ ਰਾਮ॥" (ਅੰਗ 538)**

ਪ੍ਰਭੂ ਦਾ ਨਾਮ ਹੀ ਅੰਮ੍ਰਿਤ ਹੈ ਅਤੇ ਗੁਰਬਾਣੀ ਬਾਰ ਬਾਰ ਇਸੇ ਦਾ ਜਾਪ ਕਰਨ ਦੀ ਪ੍ਰੇਰਨਾ ਦਿੰਦੀ ਹੈ।

**"ਬਾਰੰ ਬਾਰ ਬਾਰ ਪ੍ਰਭੁ ਜਪੀਐ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥" (ਅੰਗ 286)**

ਇਸੇ ਮਨ ਨੂੰ ਹੀ ਸਥਿਰ, ਸਵਸਥ ਅਤੇ ਵਿਕਾਰ ਰਹਿਤ ਬਣਾਉਣਾ ਅੰਮ੍ਰਿਤ ਤੱਤ ਹੈ। ਮਨ ਦੀ ਇਹ ਅੰਮ੍ਰਿਤ ਅਵੱਸਥਾ ਨਿਰੰਤਰ ਅਭਿਆਸ ਨਾਲ, ਆਤਮ ਸਮਰਪਣ ਨਾਲ, ਗੁਰੂ-ਕਿਰਪਾ ਦੁਆਰਾ, ਨਿਰੰਤਰ ਹਉਮੈ ਛੱਡ ਕੇ ਧਰਮ ਗ੍ਰੰਥਾਂ ਦਾ ਅਧਿਅਨ ਕਰਨ ਨਾਲ, ਡੂੰਘਾ ਵਿਚਾਰ ਕਰਨ ਨਾਲ, ਸਤਸੰਗ ਜਾ ਪੂਰਬਲੇ ਜਨਮ ਸੰਸਕਾਰਾਂ ਨਾਲ ਹੀ ਸੰਭਵ ਹੁੰਦੀ ਹੈ।

ਅੰਮ੍ਰਿਤ ਇੱਕ ਅਦਭੁਤ ਭੋਜਨ ਹੈ। ਇਹ ਜ਼ਿੰਦਗੀ ਦਾ ਆਸਰਾ ਹੈ, ਰੂਹ ਦੀ ਖੁਰਾਕ ਹੈ, ਇਸ ਵਿੱਚ ਅਨਹਦ ਸ਼ਬਦ ਦੀਆਂ ਧੁਨਾਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ:

**"ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ॥ (ਅੰਗ 62)**

ਜੋ ਜੀਵ ਆਪਣੇ ਜੀਵਨ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਅਨੁਸਾਰ ਢਾਲ ਲੈਂਦੇ ਹਨ ਉਹਨਾਂ ਦੀ ਜ਼ਿੰਦਗੀ ਅੰਮ੍ਰਿਤ ਨਾਲ ਭਰਪੂਰ ਹੋ ਜਾਂਦੀ ਹੈ। ਇਹ ਅੰਮ੍ਰਿਤ ਜੀਵ ਦੇ ਅੰਦਰ ਹੀ ਹੈ।

**"ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ ਇਸ ਕਾ ਬਿਸ੍ਰਾਮੁ॥" (ਅੰਗ (293)**

ਜਦ ਤੱਕ ਅੰਮ੍ਰਿਤ ਰੂਪੀ ਗੁਰੂ ਸ਼ਬਦ ਨੂੰ ਹਿਰਦੇ ਵਿੱਚ ਧਾਰਿਆ ਨਹੀਂ ਜਾਂਦਾ, ਅੰਮ੍ਰਿਤ-ਤਿਖਾ ਨਹੀਂ ਬੁਝਦੀ।

**"ਨਾਨਕ ਅੰਮ੍ਰਿਤੁ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥"**

**(ਅੰਗ 118)।**

## ਅੰਮ੍ਰਿਤ ਜੀਵਨ ਦਾ ਸਿਧਾਂਤ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਦੀ ਵਿਸਾਖੀ ਤੇ ਭਾਰਤੀਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਜਿਨ੍ਹਾਂ ਪਹਿਲੇ ਪੰਜ ਭਾਰਤੀਆਂ ਨੂੰ ਇਹ ਦਾਤ ਪ੍ਰਾਪਤ ਹੋਈ ਉਹਨਾਂ ਵਿੱਚ ਭਾਈ ਦਇਆ ਸਿੰਘ ਜੀ ਲਾਹੌਰ (ਪੰਜਾਬ) ਦੇ ਵਾਸੀ ਸਨ। ਭਾਈ ਧਰਮ ਸਿੰਘ ਜੀ ਹਸਤਨਾਪੁਰ (ਦਿੱਲੀ) ਦੇ ਵਾਸੀ ਸਨ। ਭਾਈ ਮੁਹਕਮ ਸਿੰਘ ਜੀ ਦਵਾਰਕਾ (ਗੁਜਰਾਤ ਕਾਠੀਆਵਾੜ) ਦੇ ਵਾਸੀ ਸਨ। ਭਾਈ ਹਿੰਮਤ ਸਿੰਘ ਜੀ ਜਗਨਨਾਥ (ਉੜੀਸਾ) ਦੇ ਰਹਿਣ ਵਾਲੇ ਸਨ। ਭਾਈ ਸਾਹਿਬ ਸਿੰਘ ਜੀ ਬਿਦਰ (ਆਂਧਰਾ) ਦੇ ਰਹਿਣ ਵਾਲੇ ਸਨ। ਪ੍ਰਤੱਖ ਹੈ ਕਿ ਖਾਲਸਾ ਸਮਾਜ ਕੇਵਲ ਪੰਜਾਬੀਆਂ ਦਾ ਸਮਾਜ ਨਹੀਂ ਸੀ। ਇਹ ਸਾਰੇ ਭਾਰਤੀਆਂ ਦਾ ਸਾਂਝਾ ਸੀ।

ਇਹ ਤਜਰਬਾ ਇੱਕ ਆਤਮਕ ਅੰਦੋਲਨ ਸੀ, ਜਿਸ ਵਿੱਚ ਧਾਰਮਿਕ ਰਾਜਸੀ ਤੇ ਸਮਾਜਿਕ ਪਰਿਵਰਤਨ ਪੈਦਾ ਹੋਏ। ਇਸ ਤਜਰਬੇ ਨੇ ਭਾਰਤ ਦਾ ਨਵਾਂ ਇਤਿਹਾਸ ਆਰੰਭ ਕੀਤਾ। ਭਾਰਤ ਦਾ ਆਧੁਨਿਕ ਇਤਿਹਾਸ ਅੰਮ੍ਰਿਤ ਦੇ ਆਦਰਸ਼ਾਂ ਅਤੇ ਉਨ੍ਹਾਂ ਦੀ ਸ਼ਕਤੀ ਦੇ ਚਮਤਕਾਰ ਦਾ ਇਤਿਹਾਸ ਹੈ।

ਪਰ ਅੰਮ੍ਰਿਤ ਦਾ ਸਿਧਾਂਤ ਭਾਰਤੀਆਂ ਲਈ ਕੋਈ ਨਵਾਂ ਸਿਧਾਂਤ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਬੇਅੰਤ ਵਾਰੀ ਗੁਰੂ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਾ ਕੇਵਲ ਅੰਮ੍ਰਿਤ ਸ਼ਬਦ ਹੀ ਵਰਤ ਚੁੱਕੇ ਸਨ, ਸਗੋਂ ਇਸ ਦੀ ਪੂਰਨ ਭਾਂਤ ਵਿਆਖਿਆ ਵੀ ਕਰ ਚੁੱਕੇ ਸਨ।

ਸਾਰੇ ਸੰਸਾਰ ਵਿੱਚ ਅੰਮ੍ਰਿਤ ਨੂੰ ਜੀਵਨ ਦੇ ਉਚਤਮ ਆਦਰਸ਼ਾਂ ਤੇ ਉਚਤਮ ਰਸ ਦਾ ਸਾਖੀ ਮੰਨਿਆ ਗਿਆ ਹੈ। ਸਾਰੇ ਧਰਮਾਂ ਵਿੱਚ ਅੰਮ੍ਰਿਤ ਦਾ ਕੋਈ ਨਾ ਕੋਈ ਸਰੂਪ ਮੌਜੂਦ ਹੈ। ਭਾਰਤੀਆਂ ਨੇ ਅੰਮ੍ਰਿਤ ਨੂੰ ਨਾ ਕੇਵਲ ਮਿਠਾਸ, ਤਾਜ਼ਗੀ, ਪਵਿੱਤਰਤਾ ਦਾ ਚਿੰਨ੍ਹ ਮੰਨਿਆ ਹੋਇਆ ਹੈ ਸਗੋਂ ਇਸ ਵਿੱਚ ਉਹ ਸ਼ਕਤੀ ਮੰਨੀ ਹੈ ਜੋ ਮੁਰਦੇ ਨੂੰ ਸੁਰਜੀਤ ਕਰ ਸਕਦੀ ਹੈ ਅਤੇ ਜਿਉਂਦੇ ਵਿੱਚ ਉਹ ਸਮਰੱਥਾ ਪੈਦਾ ਕਰ ਦਿੰਦੀ ਹੈ ਕਿ ਉਹ ਕਦੇ ਮਰੇ ਹੀ ਨਾ। ਅੰਮ੍ਰਿਤ ਨਵਾਂ ਜਨਮ ਤੇ ਜੀਵਨ ਦੇਣ ਵਾਲੀ ਦਾਤ ਹੈ। ਇਹ ਅੰਮ੍ਰਿਤ ਸਾਡੇ ਸਭਿਆਚਾਰ ਦਾ ਅੰਗ ਹੈ। ਆਦਿ ਜੁਗਾਦ ਤੋਂ ਇਹ ਸਾਰੀ ਮਨੁੱਖਤਾ ਦੇ ਧਰਮ ਦਾ ਸਦੀਵ ਕਾਲ ਤੋਂ ਅੰਗ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਸਦੀ ਮਹਾਨਤਾ ਵਿੱਚ ਮੁੜ ਸਾਡਾ ਵਿਸ਼ਵਾਸ ਕਾਇਮ ਕੀਤਾ ਹੈ। ਆਪ ਨੇ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਅਤੇ ਉਹਨਾਂ ਦੀ ਸ਼ਕਤੀ ਦੇ ਚਮਤਕਾਰ ਸਾਰੇ ਸੰਸਾਰ ਨੇ ਵੇਖੇ ਹਨ। ਸ਼ਹੀਦੀਆਂ ਦੇ ਚਮਤਕਾਰ ਨੇ ਸੰਸਾਰ ਨੂੰ ਅਤੇ ਵਿਸ਼ੇਸ਼ ਕਰਕੇ ਭਾਰਤੀਆਂ ਨੂੰ ਆਪਣੇ ਅੰਮ੍ਰਿਤ ਦੇ ਸਿਧਾਂਤ ਵਿੱਚ ਮੁੜ ਦ੍ਰਿੜ ਕੀਤਾ। ਖਾਲਸੇ ਦੇ ਅੰਮ੍ਰਿਤ ਵਿੱਚ ਰਲੇ ਪਤਾਸੇ ਮਿਠਾਸ ਤੇ ਬਰਾਬਰੀ ਦਾ ਚਿੰਨ੍ਹ ਹਨ, ਜਲ ਠੰਢਕ ਤੇ ਪਵਿੱਤਰਤਾ ਦਾ ਚਿੰਨ੍ਹ ਹੈ, ਖੰਡਾ ਗਿਆਨ. ਭਗਤੀ, ਮੀਰੀ ਪੀਰੀ, ਸ਼ਕਤੀ ਦਾ ਚਿੰਨ ਹੈ, ਅਤੇ ਬਾਟਾ ਸਾਡਾ ਹਿਰਦਾ ਹੈ।

ਪਰ ਅਸਲ ਸ਼ਕਤੀ ਤਾਂ ਬਾਣੀ ਦੀ ਹੈ ਜੋ ਅੰਮ੍ਰਿਤ ਤਿਆਰ ਕਰਦਿਆਂ ਪੜ੍ਹੀ ਜਾਂਦੀ ਹੈ। ਬਾਣੀ ਦਾ ਪਾਠ ਮਿਠਾਸ, ਪਵਿੱਤਰਤਾ ਤੇ ਸ਼ਕਤੀ ਨੂੰ ਇਕਸਾਰ ਕਰਦਾ ਹੈ, ਉਹਨਾਂ ਨੂੰ ਘੋਲ ਮਿਲ ਕੇ ਇਕ ਕਰਦਾ ਹੈ। ਅੰਮ੍ਰਿਤ ਸਾਡਾ ਇੱਕ ਚਿੰਨ੍ਹ ਹੈ ਜੋ ਇਹ ਉਦੇਸ਼ ਉਲੀਕਦਾ ਹੈ ਕਿ ਅਸੀਂ ਅੰਮ੍ਰਿਤ ਛੱਕ ਕੇ ਅੰਮ੍ਰਿਤ ਜੀਵਨ ਬਤੀਤ ਕਰਨਾ ਹੈ, ਅਜੇਹਾ ਜੀਵਨ ਜਿਸ ਵਿੱਚੋਂ ਮਿਠਾਸ ਤੇ ਪਵਿੱਤਰਤਾ ਨਿਕਲੇ। ਸਾਡਾ ਵਿਚਾਰ ਤੇ ਵਿਹਾਰ, ਕਹਿਣੀ ਤੇ ਕਰਣੀ ਮਿੱਠੇ ਤੇ ਪਵਿੱਤਰ ਹੋਣ। ਜੇ ਅਸੀਂ ਇਹ ਕਰ ਸਕੀਏ ਤਾਂ ਸਾਡਾ ਜੀਵਨ ਬਦਲ ਜਾਏ ਅਤੇ ਸਾਨੂੰ ਨਵਾਂ ਅਮਰ ਜੀਵਨ ਪ੍ਰਾਪਤ ਹੋ ਜਾਏ ।

'ਅੰਮ੍ਰਿਤ ਛਕਣਾ' ਵੀ ਇੱਕ ਚਿੰਨ ਹੈ। ਅਸਲ ਵਿੱਚ ਹਰ ਅੰਮ੍ਰਿਤਧਾਰੀ ਨੂੰ ਰੋਜ਼ ਅੰਮ੍ਰਿਤ ਤਿਆਰ ਕਰਨਾ ਪੈਂਦਾ ਹੈ ਅਤੇ ਰੋਜ਼ ਅੰਮ੍ਰਿਤ ਛਕਣਾ ਪੈਂਦਾ ਹੈ। ਖਾਲਸੇ ਨੂੰ ਪੰਜ ਪਿਆਰੇ ਕੇਵਲ ਇੱਕ ਵਾਰੀ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਸਮਝਾ ਦਿੰਦੇ ਹਨ, ਪਰ ਫਿਰ ਉਸਨੂੰ ਆਪ ਹਰ ਰੋਜ਼ ਅੰਮ੍ਰਿਤ ਤਿਆਰ ਕਰਨਾ ਪੈਂਦਾ ਹੈ ਅੰਮ੍ਰਿਤ ਵੇਲੇ ਜਦੋਂ 'ਸੱਚ ਨਾਉਂ' ਦੁਆਰਾ ਵਡਿਆਈ ਦਾ ਵਿਚਾਰ ਹੁੰਦਾ ਹੈ। ਭਾਵ ਹੈ ਕਿ ਖਾਲਸਾ ਰੋਜ਼ ਅੰਮ੍ਰਿਤ ਵੇਲੇ ਉਠਦਾ ਹੈ, ਇਸ਼ਨਾਨ ਕਰਦਾ ਹੈ ਅਤੇ ਬਾਣੀ ਦਾ ਪਾਠ ਕਰਦਾ ਹੈ। ਬਾਣੀ ਦੇ ਨਿਤਨੇਮ ਵਿੱਚ ਦੱਸੇ ਜੀਵਨ ਅਸੂਲ ਹੀ ਅੰਮ੍ਰਿਤ ਹਨ ਅਤੇ ਇਹੋ ਹੀ ਅੰਮ੍ਰਿਤ-ਜੀਵਨ ਬਖਸ਼ ਸਕਦੇ ਹਨ। ਜਦੋਂ ਇਹ ਅੰਮ੍ਰਿਤ ਸੋਮਾ ਬੰਦ ਹੋ ਜਾਏ ਉਦੋਂ ਹੀ ਸਿੱਖ ਵਿੱਚ ਘਾਟ ਪੈਣੀ ਸ਼ੁਰੂ ਹੋ ਜਾਂਦੀ ਹੈ। ਕੋਈ ਸਿੱਖ ਨਿਤਨੇਮ ਤੋਂ ਹੀਣ ਹੋ ਕੇ ਅੰਮ੍ਰਿਤ ਜੀਵਨ ਪ੍ਰਾਪਤ ਨਹੀਂ ਕਰ ਸਕਦਾ। ਅੰਮ੍ਰਿਤ ਬਾਣੀ ਤੋਂ ਹੀਣ ਹੋਣ ਨਾਲ ਹੀ ਬਿਖ ਮਾਇਆ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ। ਤਾਂ ਤੇ ਨਿਤਨੇਮ ਨਿਤ ਅੰਮ੍ਰਿਤ ਹੈ।

**(ਅੰਮ੍ਰਿਤ ਦਾ ਸੰਕਲਪ ਤੇ ਲੋੜ: ਲੋੜ, ਭਾਵ ਤੇ ਪ੍ਰਾਪਤੀ ਬਾਰੇ ਭਾਗ-2 ਅਗਲੇ ਅੰਕ ਵਿਚ ਪੜ੍ਹਨ ਦੀ ਕ੍ਰਿਪਾ ਕਰੋ ਜੀ)**

# ਵੈਸਾਖੁ ਭਲਾ ਸਾਖਾ ਵੇਸ ਕਰੇ

ਪ੍ਰੋ. ਮਨਿੰਦਰ ਸਿੰਘ (ਐਡਮਿੰਟਨ, ਕੈਨੇਡਾ)

ਵਿਸਾਖੀ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਮਨਾਇਆ ਜਾਣ ਵਾਲਾ ਪੰਜਾਬ ਦਾ ਇਕ ਮੌਸਮੀ ਤਿਉਹਾਰ ਹੈ। ਇਸ ਦਿਨ ਪੰਜਾਬ ਦੇ ਕਿਸਾਨ ਤਿਆਰ ਹੋਈ ਮੁਖ ਹਾੜੀ ਫ਼ਸਲ ਦੀ ਉਹ ਇਸਦੀ ਕਟਾਈ ਸ਼ੁਰੂ ਕਰਦੇ ਹਨ। ਇਸ ਦਿਨ ਫ਼ਸਲ ਨੂੰ ਦਾਤੀ ਪਾਉਣ ਦਾ ਸ਼ਗਨ ਵੀ ਕੀਤਾ ਜਾਂਦਾ ਹੈ। ਹਿੰਦੂ ਸਨਾਤਮ ਧਰਮ, ਬੁੱਧ ਮਤਿ ਅਤੇ ਹੋਰ ਭਾਰਤੀ ਧਾਰਮਿਕ ਸੰਪਰਦਾਵਾਂ ਵਿਚ ਵਿਚ ਵੀ ਵਿਸਾਖੀ ਨਾਲ ਅਨੇਕ ਧਾਰਮਕ ਪਰੰਪਰਾਂਵਾਂ ਜੁੜੀਆਂ ਹੋਈਆਂ ਹਨ। ਹੁਣ ਵੀ ਦੇਸ਼ ਭਰ ਵਿਚ ਇਸ ਦਿਨ ਸ਼ਰਧਾਲੂ ਸਰੋਵਰਾਂ ਤੇ ਨਦੀਆਂ ਵਿਚ ਇਸ਼ਨਾਨ ਕਰਦੇ ਹਨ। ਕਈ ਸ਼ਹਿਰਾਂ ਵਿਚ ਧਾਰਮਕ ਮੇਲੇ ਲਗਾਏ ਜਾਂਦੇ ਹਨ।

ਭਾਈ ਗਰਦਾਸ ਜੀ ਆਪਣੀ ਪਹਿਲੀ ਵਾਰ ਦੀ ਸਤਾਈਵੀਂ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਬਾਰੇ ਲਿਖਦੇ ਹਨ:-

**'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥ ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥ ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥' (ਵਾਰ-1-/27-1)**

ਮਹਾਨ ਕੋਸ਼ ਨੇ ਵਸੋਆ ਦਾ ਇਕ ਅਰਥ "ਵਿਸਾਖੀ ਦੀ ਸਾਂਕ੍ਰਾਂਤੀ" ਲਿਖਿਆ ਹੈ। ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਵੈਸਾਖੀ ਦੀ ਸੰਗ੍ਰਾਂਦ ਤੇ ਘਰ ਘਰ ਵਿਚ ਕੀਰਤਨ ਹੋਣ ਦਾ ਕਥਨ ਗੁਰੂ ਜੀ ਦੇ ਵੈਸਾਖ ਦੀ ਸੰਗ੍ਰਾਦ ਨੂੰ ਅਵਤਾਰ ਧਾਰਨ ਦੀ ਵਿਚਾਰ ਦਾ ਸਮਰਥਨ ਕਰਦਾ ਹੈ ਜੋ ਬਹੁਤੇ ਵਿਦਵਾਨਾਂ ਨੇ 15 ਅਪ੍ਰੈਲ 1469 ਮੰਨਿਆ ਹੈ।

ਸਿੱਖ ਧਰਮ ਵਿਚ ਵਿਸਾਖੀ ਦਾ ਸਮਾਗਮ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇ ਆਰੰਭ ਹੋਇਆ। ਡੱਲਾ ਨਿਵਾਸੀ ਭਾਈ ਪਾਰੋ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸਿਖ ਹੋਇਆ। ਮਹਾਨ ਕੋਸ਼ ਅਨੁਸਾਰ ਉਸਨੇ ਸ੍ਰੀ ਗੁਰੂ ਅਮਰਾਦਾਸ ਜੀ ਦੀ ਆਗਿਆ ਲੈਕੇ ਵੈਸਾਖੀ ਦਾ ਜੋੜ ਮੇਲਾ ਕਰਵਾਇਆ। ਉਸ ਤੋਂ ਬਾਦ ਹਰੇਕ ਸਾਲ ਵੈਸਾਖੀ ਤੇ ਗੁਰੂ ਦਰਬਾਰ ਵਿਚ ਧਾਰਮਕ ਜੋੜਮੇਲਾ ਹੋਣ ਲਗ ਪਿਆ। ਵੈਸਾਖੀ ਦੇ ਦਿਨ ਗੁਰਦਰਸ਼ਨ ਲਈ ਦੇਸ ਵਿਦੇਸ ਤੋਂ ਸੰਗਤਾਂ ਦਾ ਇਕੱਠ ਹੋਣ ਲੱਗਾ। ਇਸ ਇਕੱਠ ਦੀ ਪਰੰਪਰਾ ਦਾ ਲਾਭ ਉਠਾਕੇ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 30 ਮਾਰਚ 1699 ਦੀ ਵਿਸਾਖੀ ਨੂੰ ਸਿਖ ਸੰਗਤਾਂ ਦਾ ਵਿਸ਼ਾਲ ਇਕੱਠ ਕਰਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਸਿਖ ਲਈ "ਸਚਿਆਰਾ" ਪਦ ਦਾ ਆਦਰਸ਼ ਨਿਸਚਿਤ ਕੀਤਾ ਤੇ ਇਸਦੀ ਪ੍ਰਾਪਤੀ ਲਈ, ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛੱਕਣਾ ਦਾ ਰੋਜ਼ਾਨਾ ਅਮਲੀ ਅਭਿਆਸ ਨਿਰਧਾਰਤ ਕਰ ਦਿੱਤਾ। ਲਗਭਗ ਢਾਈ ਸੌ ਸਾਲ ਦੇ ਲੰਮੇ ਸਮੇ ਦਸ ਗੁਰੂ ਸਾਹਿਬਾਨ ਨੇ ਸਿੱਖਾਂ ਦੀ ਆਤਮਿਕ ਤੇ ਸਰੀਰਕ ਤਿਆਰੀ ਕਰਵਾਈ। ਉਨ੍ਹਾ ਨੇ ਗੁਰੂਬਾਣੀ ਦੀ ਰਚਨਾ ਕਰਕੇ ਤੇ ਸਤਿਸੰਗਤ ਦੁਆਰਾ ਗੁਰਸਿੱਖ ਨੂੰ ਇਸ ਨਾਲ ਜੋੜ ਕੇ ਉਸਦੀ ਆਤਮਿਕ ਆਚਰਣਕ ਤੇ ਸਦਾਚਾਰਕ ਤਿਆਰੀ ਕਰਵਾਈ।

ਗੁਰਬਾਣੀ ਨੇ ਸਮਕਾਲੀਨ ਧਾਰਮਿਕ ਸੰਪਰਦਾਵਾਂ ਦੇ ਅੰਧਵਿਸ਼ਵਾਸਾਂ, ਕਰਮਕਾਂਡਾਂ, ਪਾਖੰਡਾਂ, ਲੁੱਟਾਂ, ਸਮਾਜਕ ਤੇ ਨਿਆਇਕ ਸ਼ੋਸ਼ਣ ਦੀ ਪੋਲ ਖੋਲ੍ਹੀ ਤੇ ਜਨਤਾ ਨੂੰ ਇਸ ਪ੍ਰਤੀ ਸੁਚੇਤ ਕੀਤਾ। ਬੇਅਰਥ ਤੇ ਨਿਰਾਰਥਕ ਧਾਰਮਕ ਕਰਮ ਧਰਮ, ਜਾਪ ਤਾਪ ਤੇ ਪੂਜਾ ਪਾਠ ਨੂੰ ਦਿਖਾਵਾ ਤੇ ਪਾਖੰਡ ਦੱਸਦਿਆਂ ਨਾਮ ਸਿਮਰਨ ਦੀ ਸੱਚੀ ਪੂਜਾ ਦਾ ਮਾਰਗ ਦਰਸਾਇਆ:-

**"ਜਾਪ ਤਾਪ ਗਿਆਨ ਸਭਿ ਧਿਆਨ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥ ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥ ਸਰੀਰੁ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥ ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥ ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥** (ਪੰਨਾ 265)

ਸਤਿਗੁਰਾਂ ਨੇ ਕਿਰਤ ਕਰਨ ਦੀ ਭਾਵਨਾ ਨੂੰ ਦ੍ਰਿੜ ਕਰਨ ਲਈ ਜੋਗੀਆਂ, ਸੰਨਿਆਸੀਆਂ, ਬੋਧੀਆਂ ਆਦਿਕ ਵਿਰੱਕਤ ਵਿਚਰਨ ਵਾਲੀਆਂ ਸੰਪਰਦਾਵਾਂ ਦੇ ਮੰਗ ਖਾਣ ਦਾ ਜ਼ੋਰਦਾਰ ਖੰਡਨ ਕੀਤਾ:

**"ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥ ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥** (ਪੰਨਾ 1245)

ਇਸ ਵਰਤਾਰੇ ਨਾਲ ਆਰਥਕ ਵਿਵੱਸਥਾ ਵੀ ਜੁੜੀ ਹੋਈ ਹੈ ਜਿਸਨੂੰ ਵੱਢੀ, ਰਿਸ਼ਵਤਖੋਰੀ ਤੇ ਨਾਜਾਇਜ਼ ਲੈਣ-ਦੇਣ ਦਾ ਘੁਣ ਲੱਗਾ ਸੀ, ਜਿਸਤੋਂ ਹੇਠਲੀ ਆਰਥਕ ਤੇ ਸਮਾਜਕ ਸ਼੍ਰੇਣੀ ਦੇ ਲੋਕਾਂ ਦਾ ਜੀਵਨ ਨਰਕ ਬਣਿਆ ਹੋਇਆ ਸੀ। ਗੁਰਬਾਣੀ ਵਿਚ ਸਤਿਗੁਰਾਂ ਤੇ ਭਗਤ ਕਵੀਆਂ ਸਮਕਾਲੀ ਧਾਰਮਕ, ਸਮਾਜਕ ,ਰਾਜਨੈਤਿਕ ਤੇ ਆਰਥਕ ਅੰਨਿਆਂ ਤੇ ਸ਼ੋਸ਼ਣ ਦਾ ਬੇਬਾਕ ਤੇ ਨਿਡਰ ਹੋਕੇ ਖੰਡਨ ਕੀਤਾ ਹੈ, ਜਿਸਦੀਆਂ ਕੁਝ ਉਦਾਹਰਣਾ ਪੇਸ਼ ਹਨ:-

**"ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥ ਵਢੀ ਲੈ ਕੈ ਹਕੁ ਗਵਾਏ॥ ਜੇ ਕੋ ਪੁਛੈ ਤਾ ਪੜਿ ਸੁਣਾਏ॥"** (ਪੰਨਾ 951)

**"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥"** (ਪੰਨਾ 141}

ਸਤਿਗੁਰਾਂ ਨੇ ਭਗਤੀ ਕਰਨ ਲਈ ਨਾਮ ਸਿਮਰਨ ਤੇ ਕਿਰਤ ਕਰਨ ਦੇ ਨਾਲ ਵੰਡ ਛੱਕਣ ਦਾ ਮੂਲ ਸੂਤਰ ਦ੍ਰਿੜ ਕਰਵਾਇਆ। ਵੰਡ ਛੱਕਣ ਦਾ ਭਾਵ-ਅਰਥ ਕੇਵਲ ਭੋਜਨ ਖੁਆਉਣ ਤਕ ਸੀਮਤ ਨਹੀ। ਇਸ ਵਿਚ ਸਾਰਾ ਸਮਾਜਕ ਵਰਤੋਂ ਵਿਹਾਰ ਆ ਜਾਂਦਾ ਹੈ। ਪ੍ਰਵਾਰਕ ਤੇ ਸਮਾਜਕ ਸੰਬੰਧਾਂ ਤੇ ਵਰਤੋਂ ਵਿਹਾਰ ਤੇ ਸਦਾਚਾਰ ਦੀ ਆਦਰਸ਼ਕ ਸਿੱਖਿਆ ਦੀ ਬੜੀ ਸਾਰਥਕ ਪ੍ਰੇਰਨਾ ਗੁਰਬਾਣੀ ਤੋਂ ਮਿਲਦੀ ਹੈ:-

**"ਪਰ ਕਾ ਬੁਰਾ ਨ ਰਾਖਹੁ ਚੀਤ॥ ਤੁਮ ਕਉ ਦੁਖੁ ਨਹੀ ਭਾਈ ਮੀਤ॥"** (ਪੰਨਾ 386)

**"ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥ ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ॥"** (ਪੰਨਾ 1384)

**"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥ ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥"** (ਪੰਨਾ 1382}

**"ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥"** (ਪੰਨਾ 728)

**"ਪਰ ਧਨ ਪਰ ਦਾਰਾ ਪਰਹਰੀ॥ ਤਾ ਕੈ ਨਿਕਟਿ ਬਸੈ ਨਰਹਰੀ॥** (ਪੰਨਾ 1163)

**"ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ॥** (ਪੰਨਾ 465)

**ਗੁਰਬਾਣੀ ਵਿਚ ਸਤਿਸੰਗਤ ਨੂੰ ਸਿੱਖੀ ਦੀ ਪਾਠਸ਼ਾਲਾ (ਚਟਸਾਲ) ਮੰਨਿਆ ਗਿਆ ਹੈ:-**

**"ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ॥** (ਪੰਨਾ 1316)

ਗੁਰੂ ਨਾਨਕ ਦੇਵ ਜੀ ਦੀ ਪਾਵਨ ਚਰਨ ਛੋਹ ਨਾਲ ਵਰੋਸਾਏ ਸਥਾਨ ਪਹਿਲਾਂ ਸੰਗਤ ਜਾਂ ਧਰਮਸਾਲ ਅਖਵਾਉਂਦੇ ਸਨ। ਜਿਵੇਂ ਭਾਈ ਗੁਰਦਾਸ ਜੀ ਨੇ ਬਿਆਨ ਕੀਤਾ ਹੈ:-

**'ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥ ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥ ਘਰ ਘਰ ਅੰਦਰ**

**ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥' (ਵਾਰ 1/27)**

ਗੁਰੂ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਕਰਤਾਪੁਰ ਵਿਖੇ ਸੰਗਤ ਕਾਇਮ ਕੀਤੀ, ਜਿਸ ਵਿਚ ਗੁਰਬਾਣੀ ਨਿਤਨੇਮ, ਕੀਰਤਨ, ਕਥਾ ਵਿਚਾਰ ਤੇ ਸੇਵਾ ਦੁਆਰਾ ਸਤਿਸੰਗਤ ਦੀ ਮਰਿਆਦਾ ਸਥਾਪਤ ਕੀਤੀ:

**'ਫ਼ਿਰ ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥ ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ॥ ਗਿਆਨ ਗੋਸ਼ਟ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਕਾਰਾ॥ ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ॥' (ਵਾਰ-1/38)**

ਸ੍ਰੀ ਗੁਰੂ ਅਮਰਦਾਸ ਜੀ ਨੇ ਮੰਜੀਆਂ ਸਥਾਪਤ ਕੀਤੀਆਂ। ਉਚੇ ਸੁੱਚੇ ਜੀਵਨ ਵਾਲੇ ਗਰਸਿੱਖਾਂ ਨੂੰ ਗੁਰਮਤਿ ਪ੍ਰਚਾਰ ਲਈ ਵੱਖ ਵੱਖ ਥਾਵਾਂ ਤੇ ਪ੍ਰਚਾਰਕ ਥਾਪਿਆ। ਸ੍ਰੀ ਗੁਰੂ ਰਾਮਦਾਸ ਜੀ ਨੇ ਦੂਰ ਦੂਰ ਦੇਸਾਂ ਵਿਚ ਵਸਦੇ ਸਿੱਖਾਂ ਵਿਚ ਸਿੱਖੀ ਪ੍ਰਚਾਰ ਕਰਨ ਅਤੇ ਕਾਰ ਭੇਟਾ ਉਗਰਾਹੁਣ ਲਈ ਪਸੰਦ ਸਥਾਪਤ ਕੀਤੇ। ਪਹਿਲਾਂ ਪਹਿਲ ਇਹ ਮਸੰਦ ਆਪਣੀ ਸੇਵਾ ਸਿਦਕ-ਦਿਲੀ ਤੇ ਇਮਾਨਦਾਰੀ ਨਾਲ ਨਿਭਾਉਂਦੇ ਰਹੇ। ਮਸੰਦਾ ਨਾਲ ਜੁੜੀਆਂ ਸੰਗਤਾਂ ਨੂੰ ਸਹਿਲੰਗ ਕਿਹਾ ਜਾਂਦਾ ਸੀ, ਤੇ ਉਨ੍ਹਾ ਦਾ ਚੰਗਾ ਮਾਣ ਸਤਿਕਾਰ ਹੁੰਦਾ ਸੀ। ਪਰੰਤੂ ਮਾਇਆ ਦੀ ਲਾਲਸਾ ਨਾਲ ਕੁਝ ਮਸੰਦ ਅਚਾਰਣਹੀਣ ਅਤੇ ਲਾਲਚੀ ਹੋ ਗਏ। ਇਹ ਵੇਖ ਕੇ ਗੁਰੂ ਮਹਾਰਾਜ ਨੇ ਸੰਗਤਾਂ ਨੂੰ ਮਸੰਦਾਂ ਨੂੰ ਤਿਆਗ ਕੇ ਸਿੱਧਾ ਗੁਰੂ ਨਾਲ ਸੰਪਰਕ ਰੱਖਣ ਦੇ ਆਦੇਸ਼ ਦੇਣੇ ਸ਼ੁਰੂ ਕੀਤੇ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤੀ ਨੇ ਇਸਦਾ ਵਰਣਨ ਕੀਤਾ ਹੈ :-

**'ਤਜ ਮਸੰਦ ਪ੍ਰਭ ਏਕ ਜਪ,ਯਹਿ ਬਿਬੇਕ ਤਤਿ ਦੀਨ।' (ਗੁਰਸੋਭਾ)**

ਗੁਰੂ ਜੀ ਨੇ ਸੰਗਤਾਂ ਨੂੰ ਹੁਰਮਨਾਮੇ ਭੇਜੇ ਕਿ ਉਹ ਹੁਣ ਮਸੰਦਾਂ ਨੂੰ ਗੁਰੂ ਦੀ ਕਾਰਭੇਟ ਨਾ ਦੇਣ ਤੇ ਆਪਣੀ ਭੇਟ ਸਿੱਧੀ ਗੁਰੂ ਜੀ ਦੇ ਪਾਸ ਜਮਾ ਕਰਾਉਣ:

**'ਜੋ ਕਰ ਸੇਵ ਮਸੰਦਨ ਕੀ, ਕਹੈ ਆਨਿ ਪ੍ਰਸਾਦਿ ਸਬੈ ਮੋਹਿ ਦੀਜੈ। ਜੋ ਕਛੁ ਮਾਲ ਤਵਾਲਯ ਸੋ, ਅਬ ਹੀ ਉਠ ਭੇਟ ਹਮਾਰੀ ਹੀ ਕੀਜ।' (ਸਵੈਯੇ ਪਾਤ: 10)**

ਖਾਲਸਾ ਪਦ ਅਰਬੀ ਬੋਲੀ ਤੋਂ ਆਇਆ ਹੈ ਜਿਸਦਾ ਅਰਥ ਹੈ ਸ਼ੁਧ, ਨਿਰੋਲ ਤੇ ਖਾਲਸ। ਗੁਰੂ ਗ੍ਰੰਥ ਸਹਿਬ ਵਿਚ ਇਕ ਵਾਰ ਭਗਤ ਕਬੀਰ ਜੀ ਨੇ ਇਸਦੀ ਵਰਤੋਂ ਕੀਤੀ ਹੈ :-

**"ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥" (ਪੰਨਾ 654)**

ਜਿਨ੍ਹਾਂ ਮਨੁੱਖਾਂ ਨੇ ਪ੍ਰੇਮ ਭਗਤੀ ਕਰਨੀ ਸਮਝ ਲਈ ਹੈ ਉਹ ਸੱਚੇ ਸੁੱਚੇ ਮਨੁੱਖ ਬਣ ਗਏ ਹਨ। ਮੁਗਲ ਰਾਜ ਵਿਚ ਉਸ ਜ਼ਮੀਨ ਨੂੰ ਵੀ ਖਾਲਸਾ ਕਿਹਾ ਜਾਂਦਾ ਸੀ ਜੋ ਸਿੱਧੀ ਬਾਦਸ਼ਾਹ ਦੀ ਮਲਕੀਅਤ ਹੁੰਦੀ ਸੀ।

ਇਸਤਰ੍ਹਾਂ ਮਸੰਦਾਂ ਨੂੰ ਤਿਆਗ ਕੇ ਸਿੱਧੇ ਗੁਰੂ ਨਾਲ ਜੁੜਨ ਵਾਲੀਆਂ ਸਿੱਖ ਸੰਗਤਾਂ ਖਾਲਸਾ ਅਖਵਾਉਣ ਲਗੀਆਂ।

ਗੁਰੂ ਹਰਿਗੋਬਿੰਦ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਪੂਰਬ ਦੀ ਸੰਗਤ ਨੂੰ ਗੁਰੂ ਕਾ ਖਾਲਸਾ ਕਿਹਾ ਹੈ। ਇਸੇ ਤਰ੍ਹਾ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਪਟਨੇ ਦੀ ਸੰਗਤ ਨੂੰ ਖਾਲਸਾ ਕਰਕੇ ਸੰਬੋਧਨ ਕੀਤਾ ਹੈ। ਮਗਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਸੰਚਾਰ ਦੀ ਦਾਤ ਰਾਹੀਂ ਆਪਣੇ ਸਿੱਖਾਂ ਨੂੰ ਖਾਲਸਾ ਬਣਾਇਆ, ਜਿਸਤੋਂ ਭਾਵ ਉਹ ਸਿੱਖ ਹਨ ਜੋ ਸਿੱਧੇ ਗੁਰੂ ਦੇ ਸੰਪਰਕ ਵਿਚ ਹਨ। ਜੋ ਮਸੰਦਾਂ ਦੀ ਵਿਚੋਲਗੀ ਤੋਂ ਮੁਕਤ ਹਨ। ਭਾਈ ਗੁਰਦਾਸ ਸਿੰਘ ਨੇ ਆਪਣੀ ਬਾਣੀ ਵਾਰ ਸ੍ਰੀ ਭਗੌਤੀ ਜੀ ਕੀ ਵਿਚ ਲਿਖਿਆ ਹੈ:-

**'ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ॥ ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥' (ਵਾਰ-41/1)**

ਵੈਸਾਖੀ ਤੇ ਅੰਮ੍ਰਿਤ ਛਕਾ ਕੇ ਗੁਰੂ ਜੀ ਨੂੰ ਉਪ੍ਰੋਕਤ ਸਾਰੀਆਂ ਮਾਨਸਕ ਬੀਮਾਰੀਆਂ ਤੇ ਸਮਾਜਕ ਔਕੜਾ ਤੋਂ ਮੁਕਤ ਕਰਕੇ, ਖਾਲਸਾ ਰੂਪ ਵਿਚ ਮਨੁੱਖ ਦੀ ਕਾਇਆ ਕਲਪ ਕਰ ਦਿੱਤੀ।

ਸਾਬਤ ਸੂਰਤ ਤੇ ਪੰਜ ਕਕਾਰ ਆਚਰਣ ਅਤੇ ਸਰੀਰੀ ਰੱਖਿਆ ਦੇ ਨਾਲ ਨਾਲ ਰਾਜਨੈਤਿਕ ਸ਼ੋਸ਼ਣ, ਜ਼ੁਲਮ ਤੇ ਧੱਕੇਸ਼ਾਹੀ ਵਿਰੁਧ ਡਟ ਖਲੋਣ ਦੀ ਹਿਮੰਤ ਤੇ ਜੁੱਰਤ ਬਖ਼ਸ਼ਦੇ ਹਨ। ਜਿਨ੍ਹਾਂ ਨੇ ਸਦੀਆਂ ਦੀ ਗੁਲਾਮੀ ਦੀ ਜੜਾਂ ਪੁੱਟ ਸੁੱਟੀਆਂ ਤੇ ਅਣਖ ਨਾਲ ਜੀਣਾ ਸਿਖਾਇਆ।

ਨਿਤਨੇਮ ਤੇ ਸਤਿਸੰਗ ਦੁਆਰਾ ਰੋਜ਼ ਗੁਰਬਾਣੀ ਦੁਆਰਾ ਨਾਮ ਜਪਣ ਨਾਲ ਸਾਰੀਆਂ ਮਾਨਸਕ ਔਝੜਾਂ ਤੋ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਜਗ ਜ਼ਾਹਰ ਹੈ ਕਿ ਗੁਰੂ ਜੀ ਦੀ ਸਿੱਖਿਆ ਅਤੇ ਪੇਰਨਾ ਦੁਆਾਰਾ ਖਾਲਸਾ ਨੇ ਸਚਿਆਰ ਪਦ ਪ੍ਰਾਪਤ ਕਰਕੇ ਮਨੁੱਖਤਾ ਦੀ ਸ਼ਖ਼ਸੀ, ਪਰਵਾਰਕ.ਸਮਾਜਕ, ਆਰਥਕ ਤੇ ਰਾਜਨੈਤਿਕ ਅਵੱਸਥਾ ਦੀ ਕਾਇਆ ਕਲਪ ਕਰ ਦਿੱਤੀ।

ਡਾ: ਗੋਕਲ ਚੰਦ ਨਾਰੰਗ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਜਾਤਿ ਭੇਦ ਭਾਵ ਤੇ ਬੰਧਨ ਤੋੜਕੇ ਇਕ ਦੂਜੇ ਨੂੰ ਬਰਾਬਰੀ ਦਾ ਹੱਕ ਦੇਕੇ ਸਾਂਝੀ ਭਗਤੀ, ਸਾਂਝੇ ਧਰਮ ਧਾਮ, ਸਾਂਝੇ ਆਦਰਰਸ਼ ਅਤੇ ਇਕ ਮਹਾਨ ਮਰਿਆਦਾ ਦੀ ਪਾਲਨਾ ਦੀ ਵਿਧੀ ਦਸਕੇ ਸਿਖਾਂ ਅੰਦਰ ਇਕ ਅਜਿਹੀ ਏਕਤਾ ਭਾਵਨਾ ਭਰੀ ਕਿ ਉਹਨਾਂ ਨੇ ਇਕਮੁੱਠ ਹੋਕੇ ਉਸ ਸਮੇ ਦੀ ਸ਼ਕਤੀਸ਼ਾਲੀ ਸਰਕਾਰ ਨੂੰ ਵੰਗਾਰ ਦਿੱਤੀ। ਇਹ ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਲਈ ਚੁਕਿੱਆ ਗਿਆ ਪਹਿਲਾ ਵਿਵਸਥਿਤ ਕਦਮ ਸਿੱਧ ਹੋਇਆ।

# ਖ਼ਾਲਸਾ ਸਾਜਨਾ ਦਿਵਸ

ਪ੍ਰਿੰਸੀਪਲ ਚਰਨਦੀਪ ਕੌਰ (ਕੈਲਗਰੀ)

ਦਿਨ ਵਿਸਾਖੀ ਸਤਿਗੁਰ ਮੇਰੇ ਖੜ ਗਏ ਤੇਗਾ ਫੜ ਕੇ, ਸਾਜਣੀ ਹੈ ਇੱਕ ਕੌਮ ਨਿਆਰੀ ਜੋ ਵਾਂਗ ਸ਼ੇਰਾਂ ਦੇ ਗੜਕੇ।

ਨਿਮਾਣੇ ਅਤੇ ਮਜਲੂਮ ਦੀ ਖਾਤਰ ਜਾਨ ਤਲੀ ਤੇ ਧਰਕੇ, ਚਾਹੁੰਦਾ ਜੋ ਖਾਲਸਾ ਬਣਨਾ, ਆਜੋ ਹਿੰਮਤ ਕਰਕੇ।

ਕਾਮ ਕ੍ਰੋਧ ਤੇ ਲੋਭ ਛੱਡ ਦਇਆ ਦੀ ਮੂਰਤ ਬਣਕੇ, ਖੜ ਜਾਵੇ ਗਰੀਬ ਲਈ ਜੋ ਢਾਲ ਲੋਹੇ ਦੀ ਬਣਕੇ, ਜਾਲਮ ਦੇ ਜ਼ੁਲਮ ਲਈ ਆਵੇ ਜੋ ਕਾਲ ਬਣਕੇ।

ਕਿਰਤ ਕਰੇ ਸਦਾ ਉਹ, ਨਾ ਖਾਵੇ ਕਦੇ ਮੰਗ ਕੇ,
ਵੈਰੀ ਵੀ ਨਾ ਲੰਘ ਸਕੇ ਕੋਲੋ ਓਹਦੇ ਖੰਘ ਕੇ।

ਹੋਵੇਗਾ ਪੁਜਾਰੀ ਖਾਲਸਾ ਸਦਾ ਹੀ ਅਕਾਲ ਦਾ,
ਮੂਰਤਾਂ ਚੋਂ ਫਿਰੇ ਨਾ ਉਹ ਰੱਬ ਨੂੰ ਭਾਲਦਾ।

ਬਾਜਾਂ ਵਾਲਿਆ ਨਾ ਹਿੰਦ ਤੋਂ ਲਾਹ ਹੋਣਾ,
ਕਰਜ਼ਾ ਤੇਰੀਆਂ ਦੇਗਾਂ ਤੇ ਤੇਗਾਂ ਦਾ।

ਲੋੜ ਪਏ ਤਾਂ ਖੜਦੈ ਪਹਾੜ ਬਣਕੇ,
ਜ਼ੋਰ ਚੱਲੇ ਨਾ 'ਦੀਪ' ਸ਼ੇਰ ਅੱਗੇ ਭੇਡਾਂ ਦਾ।



## ਖ਼ਾਲਸਾ ਸਾਜਨਾ ਦਿਵਸ ਤੇ ਵਿਸ਼ੇਸ਼ – ਖ਼ਾਲਸੇ ਦਾ ਰੁਤਬਾ ਬੜਾ ਮਹਾਨ ਹੈ (ਗੀਤ)

ਗੁਰਦੀਸ਼ ਕੌਰ ਗਰੇਵਾਲ (ਕੈਲਗਰੀ, ਕੈਨੇਡਾ, 403 404 1450)

ਖ਼ਾਲਸੇ ਦਾ ਰੁਤਬਾ ਬੜਾ ਮਹਾਨ ਹੈ,
ਖ਼ਾਲਸੇ ਦੀ ਜੱਗ ਚ ਨਿਰਾਲੀ ਸ਼ਾਨ ਹੈ।

ਖੰਡੇ ਵਾਲੀ ਧਾਰ ਤੇ ਸਜਾਇਆ ਏਸ ਨੂੰ,
ਤੇਗਾਂ ਨਾਲ ਗਿਆ ਅਜ਼ਮਾਇਆ ਏਸ ਨੂੰ,
ਛੱਡ ਕੇ ਨਾ ਭੱਜਦਾ ਕਦੇ ਮੈਦਾਨ ਹੈ,
ਖ਼ਾਲਸੇ ਦਾ ਰੁਤਬਾ ਬੜਾ ਮਹਾਨ ਹੈ।

ਪਰਮਾਤਮ ਕੀ ਮੌਜ ਪ੍ਰਗਟਿਆ ਖਾਲਸਾ,
ਗਿੱਦੜਾਂ ਤੋਂ ਸ਼ੇਰ ਬਣ ਗਿਆ ਖਾਲਸਾ,
ਖੰਡੇ ਵਾਲੀ ਪਾਹੁਲ ਦਾ ਇਹ ਵਰਦਾਨ ਹੈ,
ਖ਼ਾਲਸੇ ਦਾ ਰੁਤਬਾ ਬੜਾ ਮਹਾਨ ਹੈ।

ਚੇਲਿਆਂ ਨੂੰ ਗੁਰੂ ਹੈ ਬਣਾਇਆ ਗੁਰਾਂ ਨੇ,
ਨਵਾਂ ਇਤਿਹਾਸ ਹੈ ਰਚਾਇਆ ਗੁਰਾਂ ਨੇ,
ਗੋਬਿੰਦ ਦੀ ਮਹਿਮਾ ਹੁੰਦੀ ਨਾ ਬਿਆਨ ਹੈ,
ਖ਼ਾਲਸੇ ਦਾ ਰੁਤਬਾ ਬੜਾ ਮਹਾਨ ਹੈ।

ਪਾਣੀ ਦੁਸ਼ਮਣਾਂ ਨੂੰ ਪਿਲਾਉਂਦਾ ਖ਼ਾਲਸਾ,
ਭੁੱਖਿਆਂ ਨੂੰ ਰਹਿੰਦਾ ਹੈ ਰਜਾਉਂਦਾ ਖ਼ਾਲਸਾ,
ਯੁੱਧ ਵਿੱਚ ਝੂਲਦਾ ਇਹਦਾ ਨਿਸ਼ਾਨ ਹੈ,
ਖ਼ਾਲਸੇ ਦਾ ਰੁਤਬਾ ਬੜਾ ਮਹਾਨ ਹੈ।

ਜਬ ਤਕ ਰਹੇਗਾ ਨਿਆਰਾ ਖ਼ਾਲਸਾ,
ਤਬ ਤੱਕ ਲੱਗੇਗਾ ਪਿਆਰਾ ਖ਼ਾਲਸਾ,
ਗੋਬਿੰਦ ਦਾ 'ਦੀਸ਼' ਏਹੋ ਫੁਰਮਾਨ ਹੈ,
ਖ਼ਾਲਸੇ ਦਾ ਰੁਤਬਾ ਬੜਾ ਮਹਾਨ ਹੈ।



# ਵਿਸਾਖੀ ਦੇ ਸਿੱਖੀ ਸਬੰਧਤ ਤੇ ਹੋਰ ਪੱਖ

ਕਾਬਲ ਸਿੰਘ (ਐਡਮਿੰਟਨ, ਕੈਨੇਡਾ)

ਵੈਸਾਖ ਮਹੀਨੇ ਦੀ ਪਹਿਲੀ ਤਾਰੀਖ ਨਾਲ ਸਬੰਧਤ ਤਿਉਹਾਰਾਂ ਨੂੰ ਵਿਸਾਖੀ ਕਿਹਾ ਜਾਂਦਾ ਹੈ। ਵਿਸਾਖੀ, ਨਾਮ ਵਿਸਾਖਾ ਨਖਸ਼ਤਰ ਤੇ ਵੈਸਾਖ ਮਹੀਨੇ ਦੀ ਸੰਗਰਾਂਦ ਤੋਂ ਆਇਆ ਹੈ। ਅਜਕਲ 13 ਅਪ੍ਰੈਲ ਅਤੇ ਕਈ ਵਾਰ 14 ਅਪ੍ਰੈਲ ਨੂੰ ਮਨਾਈ ਜਾਂਦੀ ਹੈ। ਇਸ ਤਿਉਹਾਰ ਨੂੰ ਕਈ ਕਾਰਨਾਂ ਕਰਕੇ ਪਵਿੱਤਰ ਮੰਨਿਆ ਜਾਂਦਾ ਹੈ। ਇਸ ਨੂੰ ਪੰਜਾਬ, ਭਾਰਤ ਤੇ ਹੋਰ ਥਾਵਾਂ ਵਿੱਚ ਮਨਾਉਣ ਦੇ ਸਿੱਖ ਧਰਮ ਨਾਲ ਸਬੰਧਤ ਪ੍ਰਮੁੱਖ ਘਟਨਾਵਾਂ ਤੇ ਕੁਝ ਹੋਰ ਕਾਰਨਾਂ ਬਾਰੇ ਸੰਖੇਪ ਵਿਚ ਲਿਖਣ ਦੀ ਕੋਸ਼ਿਸ਼ ਹੈ।

## ਸਿੱਖ ਧਰਮ ਸਬੰਧਤ

ਮੂਲ ਨਾਨਕਸ਼ਾਹੀ ਕਲੰਡਰ, ਮਹਾਨ ਕੋਸ਼, ਵਿੱਕੀਪੀਡੀਆ ਅਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ ਗੁਰੂ ਨਾਨਕ ਸਾਹਿਬ ਦਾ ਪ੍ਰਗਟ ਦਿਵਸ 15 ਅਪ੍ਰੈਲ 1469 ਹੈ। ਇਸ ਦਿਨ ਵਿਸਾਖੀ ਵੀ ਸੀ। ਮੂਲ ਨਾਨਕਸ਼ਾਹੀ ਕਲੰਡਰ ਅਨੁਸਾਰ ਵਿਸਾਖੀ ਵਾਲੇ ਦਿਨ ਮਨਾਇਆ ਜਾਂਦਾ ਹੈ। ਪਰ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰੰਪਰਾ ਅਨੁਸਾਰ ਗੁਰੂ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਸ ਬਾਰੇ ਹੋਰ ਜਾਣਕਾਰੀ ਸਾਂਝੀ ਵਿਰਾਸਤ ਦੇ 40 ਅੰਕ ਵਿਚ 10-12 ਪੰਨੇ ਤੇ 'ਗੁਰੂ ਨਾਨਕ ਦਾ ਪ੍ਰਕਾਸ਼ ਕੱਤਕ ਜਾਂ ਵੈਸਾਖ' ਵਿਚ ਹੈ।

ਗੁਰੂ ਅਮਰਦਾਸ ਸਾਹਿਬ ਨੇ ਗੋਇੰਦਵਾਲ ਸਾਹਿਬ ਵਿਸਾਖੀ ਤੇ ਸਿੱਖਾਂ ਦਾ ਇਕੱਠ ਕਰਕੇ ਵਿਸਾਖੀ ਮਨਾਉਣੀ ਸ਼ੁਰੂ ਕੀਤੀ ਸੀ। ਜਿਹੜੀ ਬਾਅਦ ਵਿਚ ਸਭ ਗੁਰੂ ਸਾਹਿਬਾਂ ਦੇ ਸਮੇ ਮਨਾਈ ਜਾਂਦੀ ਰਹੀ।

ਵਿਸਾਖੀ ਵਾਲੇ ਦਿਨ (ਨੌਂ ਅਪ੍ਰੈਲ 1699) ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸਾ ਪ੍ਰਗਟ ਕੀਤਾ ਗਿਆ। ਇਸ ਲਈ ਸਿਖ ਜਗਤ ਵਿਚ ਵਿਸਾਖੀ ਮੁਖ ਤੌਰ ਤੇ ਖਾਲਸਾ ਪ੍ਰਗਟ ਦਿਵਸ ਕਰਕੇ ਮਨਾਈ ਜਾਂਦੀ ਹੈ।

ਰਣਜੀਤ ਸਿੰਘ ਨੂੰ 12 ਅਪ੍ਰੈਲ 1801 ਵਿਚ ਬਾਬਾ ਸਾਹਿਬ ਸਿੰਘ ਬੇਦੀ ਨੇ ਸਿੱਖ ਸਾਮਰਾਜ ਦਾ ਮਹਾਰਾਜਾ ਘੋਸ਼ਿਤ ਕੀਤਾ ਸੀ।

ਵਿਸਾਖੀ ਵਾਲੇ ਦਿਨ ਵੱਡੇ ਪੱਧਰ ਤੇ ਅਨੰਦਪੁਰ ਸਾਹਿਬ, ਦਮਦਮਾ ਸਾਹਿਬ (ਤਲਵੰਡੀ ਸਾਬੋ) ਤੇ ਅਮ੍ਰਿਤਸਰ ਵਿਖੇ, ਅਤੇ ਹੋਰ ਸਭ ਸਿੱਖ ਅਸਥਾਨਾਂ ਤੇ ਗੁਰੂਦੁਆਰਿਆ ਵਿਚ ਧਾਰਮਿਕ ਪ੍ਰੋਗਰਾਮ ਹੁੰਦੇ ਹਨ। ਕਈ ਜਗਾ ਧਾਰਮਿਕ ਪ੍ਰੋਗਰਾਮ ਤੇ ਖੁਸ਼ੀ ਮਨਾਉਣ ਦੇ ਨਾਲ ਵਪਾਰਕ ਮੇਲੇ ਵੀ ਲੱਗਦੇ ਹਨ। ਦੁਨੀਆਂ ਭਰ ਵਿਚ ਜਿਥੇ ਵੀ ਸਿੱਖ ਵਸਦੇ ਹਨ, ਹਰ ਪਿੰਡ, ਕਸਬੇ, ਸ਼ਹਿਰ, ਪ੍ਰਾਂਤ, ਦੇਸ਼ ਪੱਧਰ ਤੇ ਸਮਰੱਥਾ ਅਨੁਸਾਰ ਵਿਸਾਖੀ ਬੜੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ।

ਇਨ੍ਹਾਂ ਵਿਚ ਖਾਲਸਾ ਪੰਥ ਦਾ ਪ੍ਰਗਟ ਹੋਣਾ ਤੇ ਕੁਝ ਅਸਥਾਨਾਂ ਤੇ ਗੁਰੂ ਨਾਨਕ ਸਾਹਿਬ ਦਾ ਪ੍ਰਗਟ ਦਿਵਸ ਕਰਕੇ ਵਿਸਾਖੀ ਮਨਾਈ ਜਾਂਦੀ ਹੈ। ਸੁਝਾਅ ਹੈ ਕਿ ਉਪਰ ਲਿਖੀਆਂ ਹੋਰ ਸਿੱਖੀ ਸਬੰਧਕ ਘਟਨਾਵਾਂ ਬਾਰੇ ਵੀ ਵਰਨਣ ਕੀਤਾ ਜਾਵੇ।

## ਹਿੰਦੂ ਧਰਮ ਸਬੰਧਤ

ਹਿੰਦੂ ਧਰਮ ਅਨੁਸਾਰ, ਵਿਸਾਖੀ ਵਾਲਾ ਦਿਨ ਭਾਰਤ ਤੇ ਦੱਖਣ ਏਸ਼ੀਆ ਦੇ ਹੋਰ ਦੇਸ਼ਾਂ ਵਿਚ ਨਵੇਂ ਸਾਲ ਦੇ ਅਰੰਭ ਵਜੋਂ ਮਨਾਇਆ ਜਾਂਦਾ ਹੈ। ਬਹੁਤ ਧਰਮ ਅਸਥਾਨਾ ਤੇ ਇਕੱਠ ਅਤੇ ਪੂਜਾ ਹੁੰਦੇ ਹਨ।

ਭਾਰਤ ਦੇ ਕੁਝ ਹਿਸਿਆਂ ਵਿਚ ਵਿਸਾਖੀ ਦਾ ਤਿਉਹਾਰ ਖਾਸ ਨਾਵਾਂ ਹੇਠ ਮਨਾਇਆ ਜਾਂਦਾ ਹੈ। ਜਿਵੇਂ ਕਿ ਅਸਾਮ (ਬੁਹਗ ਬਿਹੁ ਤੇ ਬੋਡੋਲੈਂਡ ਹਿਸੇ ਵਿਚ ਬਵਿਸਾਗੁ), ਬੰਗਾਲ (ਪੋਹਿਲਾ ਬੈਸਾਖੀ), ਬਿਹਾਰ (ਮਿਥੀਲਾ ਹਿਸੇ ਵਿਚ ਜੁਰ ਸਿਤਲ), ਕੈਰਲਾ (ਵਿਸ਼ੁ), ਓਡੀਸਾ (ਪੋਹਿਲਾ ਬੈਸਾਖੀ ਜਾਂ ਮਹਾਂ ਵਿਸ਼ੁਬਾ ਸਨਕ੍ਰਾਂਤੀ), ਤਾਮਲਿ ਨਾਡੂ (ਪਥਾਂਡੂ), ਕਰਨਾਟਕਾ ਦੇ ਤਾਮਿਲ ਨਾਡੂ (ਬਿਸੂ), ਆਦਿ।

ਹਿੰਦੂ ਧਰਮ ਅਨੁਸਾਰ ਵਿਸਾਖੀ ਵਾਲੇ ਦਿਨ ਗੰਗਾ ਮਾਤਾ ਦਰਿਆ ਸਵਰਗ ਤੋਂ ਧਰਤੀ ਤੇ ਆਈ ਸੀ। ਇਸ ਕਰਕੇ ਹਰ ਸਾਲ ਹਰਿਦੁਆਰ ਵਿਚ ਬਹੁਤ ਮਹਤਵਪੂਰਣ ਧਾਰਮਿਕ ਤੇ ਵਿਉਪਾਰਕ ਇਕੱਠ ਹੁੰਦਾ ਹੈ।

ਬਹੁਤ ਹਿੰਦੂ ਭਾਈਚਾਰਿਆਂ ਲਈ ਗੰਗਾ, ਜੇਹਲਮ ਅਤੇ ਕਾਵੇਰੀ ਵਰਗੀਆਂ ਪਵਿੱਤਰ ਨਦੀਆਂ ਵਿੱਚ ਇਸ਼ਨਾਨ ਕਰਨ ਅਤੇ ਮੰਦਰਾਂ ਤੇ ਤੀਰਥ ਅਸਥਾਨਾਂ ਤੇ ਜਾਣ ਦਾ ਤਿਉਹਾਰ ਹੈ।

ਵਿਸਾਖੀ ਦਾ ਤਿਉਹਾਰ ਮੂਰਤੀਆਂ ਦੀ ਪੂਜਾ ਤੇ ਪ੍ਰਾਸਚਿਤ ਵਜੋਂ ਵੀ ਮਨਾਇਆ ਜਾਂਦਾ ਹੈ, ਜਿਵੇਂ ਕਿ ਹਿਮਾਚਲ ਵਿਚ ਦੁਰਗਾ, ਬਿਹਾਰ ਵਿਚ ਸੂਰਜ, ਤੇ ਦੱਖਣ ਭਾਰਤ ਵਿਚ ਵਿਸ਼ਨੂੰ।

ਇਸ ਮੌਕੇ ਤੇ ਦਾਨ ਦੇਣਾਂ ਵੀ ਜਰੂਰੀ ਸਮਝਿਆ ਜਾਂਦਾ ਹੈ।

ਪੰਜਾਬ ਵਿਚ ਕਤਸ ਰਾਜ, ਬੈਰਾਗੀ ਬਾਬਾ ਰਾਮ ਥੰਮਨ, ਗੁਰਦਾਸਪੁਰ ਦੇ ਪਿੰਡ ਪੰਡੋਰ ਮਹੰਤਾਂ ਦੇ ਠਾਕੁਰਦਵਾਰੇ ਦੇ ਹਿੰਦੂ ਅਸਥਾਨਾਂ ਤੇ ਬਹੁਤ ਵਡੇ ਇਕੱਠਾਂ ਰਾਹੀ ਇਸ਼ਨਾਨ ਅਤੇ ਦੇਵਤੇ ਪੂਜਾ ਕੀਤੀਆਂ ਜਾਂਦੀਆਂ ਹਨ।

ਜੰਮੂ ਇਲਾਕੇ ਵਿਚ ਡੋਗਰੇ ਹਿੰਦੂਆਂ ਵਲੋ ਦਰਿਆਵਾਂ, ਖਾਸ ਕਰਕੇ ਤਾਵੀ ਦਰਿਆ, ਤੇ ਨਹਿਰਾਂ ਵਿਚ ਇਸ਼ਨਾਨ ਕਰਕੇ ਘਰਾਂ ਵਿਚ ਪੂਜਾ ਤੋਂ ਬਾਅਦ ਫਸਲ ਦਾ ਕੁਝ ਹਿਸਾ ਦਾਨ ਕੀਤਾ ਜਾਂਦਾ ਹੈ। ਊਧਮਪੁਰ ਵਿਚ ਲੋਕ ਦੇਵਿਕਾ ਦਰਿਆ ਤੇ ਤਿਨ ਦਿਨ ਲਈ ਮੇਲਾ ਲਗਦਾ ਹੈ। ਸੁਧਮਾਹਾਦੇਵ ਮੰਦਰ ਵਿਚ ਮੇਲਾ ਤੇ ਵਿਉਪਾਰਕ ਇਕੱਠ ਹੁੰਦਾ ਹੈ। ਨਾਗਮਨੀ ਮੰਦਰ ਵਿਚ ਨਵੇਂ ਸਾਲ ਵਜੋਂ ਮਨਾਇਆ ਜਾਂਦਾ ਹੈ। ਕਥੂਆ ਵਿਚ ਐਰਵਨ, ਭਦੇਰਵਾ ਵਿਚ ਸੁਭਰ ਨਾਗ ਦੇਵਤਾ ਮੰਦਰ, ਡੋਡਾ ਪੁਲ ਅਤੇ ਰੰਬਨ ਵਿਚ ਵਿਸਾਖੀ ਤੇ ਇਕੱਠ ਹੁੰਦੇ ਹਨ।

ਹਿਮਾਚਲ ਪ੍ਰਦੇਸ਼ ਵਿਚ ਲੋਕ ਸਵੇਰੇ ਇਸ਼ਨਾਨ ਕਰਦੇ ਹਨ। ਮਿਟੀ ਦੇ ਦੋ ਦੀਵੇ ਜਗਾਏ ਜਾਂਦੇ ਹਨ। ਇਕ ਤੇਲ ਪਾ ਕੇ ਸੰਗੀਆਂ ਤੇ ਦੂਜਾ ਘਿਓ ਪਾ ਕੇ ਜੋਤੀ। ਇਕ ਵਡੇ ਥਾਲ ਵਿਚ ਦੋਵੇਂ ਦੀਵੇ, ਪਾਣੀ ਭਰਿਆ ਭਾਂਡਾ, ਕੁਝ ਹਰਾ ਘਾ, ਕੁਸ਼ਾਂ, ਖੁਸ਼ਬੋ ਲਈ ਸੰਦਲ ਆਦਿ, ਅਤੇ ਦਖਸ਼ਿਣਾ ਲਈ ਪੈਸੇ ਰਖ ਕੇ; ਅਤੇ ਨਾਲ ਹੀ ਦਾਨ ਲਈ ਚੌਲ, ਦਾਲ, ਤੇ ਸਿਕੇ ਰਖ ਕੇ ਮੂਰਤੀ ਪੂਜਾ ਕੀਤੀ ਜਾਂਦੀ ਹੈ। ਇਕ ਦਿਨ ਪਹਿਲਾਂ ਬਣਾਈ ਹੋਈ ਮਠਿਆਈ ਪੂਜਾ ਤੋਂ ਬਾਅਦ ਗੁਆਂਢੀਆਂ ਨੂੰ ਵੰਡੀ ਜਾਂਦੀ ਹੈ। ਖਾਸ ਤਰਾਂ ਦੇ ਖਾਣੇ ਬਣਾਏ ਜਾਂਦੇ ਹਨ ਤੇ ਮੇਲੇ ਲਗਦੇ ਹਨ।

ਹਰਿਆਣਾ ਵਿਚ ਵੱਡੇ ਪੱਧਰ ਤੇ ਵਿਸਾਖੀ ਯਮੁਨਾਨਗਰ ਤੇ ਕੁਰਕਛੇਤਰ ਵਿਚ ਮਨਾਈ ਜਾਂਦੀ ਹੈ। ਕੁਰਕਛੇਤਰ ਦੇ ਧਿਆਲਪੁਰ ਪਿੰਡ ਵਿਚ ਵਿਸਾਖੀ 'ਬਾਨ ਗੰਗਾ ਤੀਰਥ ਇਸ਼ਨਾਨ' ਤੇ ਅਰਜਨ (ਮਹਾਂਭਾਰਤ) ਨਾਲ ਸਬੰਧਤ ਹੈ।

ਉਤਰ ਪ੍ਰਦੇਸ਼ ਵਿਚ ਦਰਿਆ ਜਾਂ ਝੀਲ ਵਿਚ ਇਸ਼ਨਾਨ ਤੇ ਸਤਵਾਹੀ (ਸਤੂਆ) ਨਾਲ ਸਬੰਧਤ ਹੈ। ਇਸ ਦਿਨ ਸਤੂ ਤੇ ਗੁੜ ਖਾਧੇ ਤੇ ਵੰਡੇ ਜਾਂਦੇ ਹਨ।

## ਇਤਿਹਾਸ ਸਬੰਧਤ

ਵੈਸਾਖ ਮਹੀਨੇ ਦਾ ਪਹਿਲਾ ਦਿਨ, ਨਵੇਂ ਸਾਲ ਦਾ ਅਰੰਭ ਤੇ ਬਸੰਤ ਰੁਤ ਦੇ ਸ਼ੁਰੂ ਹੋਣ ਦੇ ਜਸ਼ਨ ਨੂੰ ਦਰਸਾਉਂਦੀ ਹੈ।

ਫਸਲਾਂ ਪੱਕ ਜਾਣ ਤੇ ਵਾਢੀ ਨਾਲ ਨਵਾਂ ਅਨਾਜ ਘਰ ਆਉਂਣ ਦੀ ਖੁਸ਼ੀ ਵਿਚ ਇਕ ਮੌਸਮੀ ਤਿਉਹਾਰ ਹੈ।

ਹਰੇ ਇਨਕਲਾਬ ਤੋਂ ਪਹਿਲਾਂ ਭਾਰਤ ਦੇ ਉਤਰੀ ਤੇ ਉਤਰ-ਪਛਮ ਹਿਸੇ ਵਿਚ ਕਣਕ ਸਭ ਤੋਂ ਜਿਆਦਾ ਮਹੱਤਵਪੂਰਣ ਫਸਲ ਸੀ। ਕਣਕ ਦੀ ਵਾਢੀ, ਫਲਿਆਂ ਨਾਲ ਗਾਹੁਣ, ਹੱਥਾਂ ਨਾਲ ਉਡਾ ਕੇ ਤੂੜੀ ਤੇ ਦਾਣੇ ਵੱਖ ਕਰਕੇ ਦਾਣਿਆਂ ਦੇ ਬੋਹਲ ਤੇ ਤੂੜੀ ਦੇ ਕੁਪ ਬਣਾਉਣ ਨਾਲ ਕਈ ਕਹਾਵਤਾਂ ਵੀ ਜੁੜੀਆਂ ਹਨ।

ਕਿਸਾਨਾਂ ਵਲੋਂ ਖੇਤੀ ਨਾਲ ਸਬੰਧਤ ਲੁਹਾਰਾ, ਤਰਖਾਣਾ, ਚੌਂਕੀਦਾਰਾ ਅਤੇ ਹੋਰ ਕੰਮ ਕਰਨ ਵਾਲਿਆਂ ਨੂੰ ਕਣਕ ਦੇ ਰੂਪ ਵਿਚ ਮਿਹਨਤਾਨਾਂ ਦਿਤਾ ਜਾਂਦਾ ਸੀ।

ਕਣਕ ਵੇਚ ਕੇ ਕਿਸਾਨੀ ਨਾਲ ਸਬੰਧਤ ਲੋਕ ਘਰਾਂ ਵਿਚ ਵਰਤਣ ਅਤੇ ਵਿਆਹ ਆਦਿ ਲਈ ਖਰਚਾ ਕਰਦੇ ਸਨ। ਇਸ ਲਈ ਵਿਸਾਖੀ ਦਾ ਤਿਉਹਾਰ ਉਤਰੀ ਭਾਰਤ ਵਿਚ ਸਭ ਤੋਂ ਮਹੱਤਵਪੂਰਣ ਵਪਾਰਕ ਇਕੱਠ ਦਾ ਸਮਾਂ ਹੁੰਦਾ ਸੀ।

ਦੱਖਣੀ ਤੇ ਦੱਖਣ ਏਸ਼ੀਆਂ ਵਿਚ ਨਵੇਂ ਸੂਰਜ ਦਾ ਅਰੰਭ।

ਗੌਤਮ ਬੁਧ ਨੂੰ ਗਿਆਨ ਦਿਵਸ ਦਾ ਤਿਉਹਾਰ ਹੈ।

ਅੰਗਰੇਜ ਅਫ਼ਸਰ ਰੇਜੀਨਾਲਡ ਡਾਇਰ ਨੇ ਆਪਣੀਆਂ ਫੌਜਾਂ ਨੂੰ ਅਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿਚ ਪ੍ਰਦਰਸ਼ਨਕਾਰੀ ਭੀੜ ਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ, ਜਿਸ ਵਿਚ ਹਜਾਰਾਂ ਲੋਕ ਮਾਰੇ ਗਏ ਸਨ।

ਅੱਜ ਦੇ ਰਾਜਸੀ ਲੀਡਰਾਂ ਵਲੋਂ ਵਿਸਾਖੀ ਦੇ ਇਤਹਾਸਕ, ਪਵਿੱਤਰ ਅਤੇ ਧਾਰਮਿਕ ਤਿਉਹਾਰ ਨੂੰ ਸਿਆਸੀ ਰੰਗ ਵਿਚ ਇਕੱਠਾ ਕਰਕੇ ਰਾਜ ਸ਼ਕਤੀ ਤੇ ਮਨ ਪ੍ਰਚਾਵੇ ਲਈ ਜਿਆਦਾ ਵਰਤਿਆ ਜਾਂਦਾ ਹੈ।

ਸੰਖੇਪ ਵਿਚ, ਵਿਸਾਖੀ ਸਿਖ ਤੇ ਹਿੰਦੂ ਧਰਮਾਂ ਨਾਲ ਅਤੇ ਇਤਹਾਸਕ ਪੱਖਾਂ ਨਾਲ ਸਬੰਧਤ ਬਹੁਤ ਪੁਰਾਣਾਂ ਤਿਉਹਾਰ ਹੈ, ਜਿਹੜਾ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

# ਇਹ ਬਸਤਰ ਸਾਂਭ ਕੇ ਰੱਖਿਓ, ਇਹ ਸ਼ਸ਼ਤਰ ਸਾਂਭ ਕੇ ਰੱਖਿਓ

ਰਿਪੋਰਟ ਕਰਤਾ, ਜਸਵਿੰਦਰ ਸਿੰਘ ਰੁਪਾਲ

ਕੈਲਗਰੀ ਵਿਖੇ ਈ ਦੀਵਾਨ ਸੋਸਾਇਟੀ ਵੱਲੋਂ ਖ਼ਾਲਸਾ ਸਾਜਨਾ ਦਿਵਸ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ (25-4-26) ਇੱਕ ਅੰਤਰਰਾਸ਼ਟਰੀ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਵੱਖ ਵੱਖ ਦੇਸ਼ਾਂ ਤੋਂ ਆਏ ਪੰਥਕ ਕਵੀਆਂ ਨੇ ਹਿੱਸਾ ਲਿਆ। ਇਹ ਸੋਸਾਇਟੀ ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਕਵੀ ਦਰਬਾਰਾਂ ਦੀ ਪਰੰਪਰਾ ਨੂੰ ਅੱਗੇ ਤੋਰਨ ਲਈ, ਆਪਣਾ ਅਹਿਮ ਯੋਗਦਾਨ ਪਾ ਰਹੀ ਹੈ।

ਸਭ ਤੋਂ ਪਹਿਲਾਂ ਅਨੁਰੀਤ ਕੌਰ ਟੋਰੰਟੋ ਨੇ ਸ਼ਬਦ "ਅਬ ਹਮ ਚਲੀ ਠਾਕੁਰ ਪਹਿ ਹਾਰਿ॥" ਸਬਦ ਗਾਇਨ ਕਰਕੇ ਸਮਾਗਮ ਦੀ ਆਰੰਭਤਾ ਕੀਤੀ। ਜੈਪੁਰ ਤੋਂ ਬ੍ਰਿਜਮਿੰਦਰ ਕੌਰ ਨੇ "ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ॥" ਸ਼ਬਦ ਨਾਲ ਹਾਜ਼ਰੀ ਲਵਾਈ। ਸੋਸਾਇਟੀ ਦੇ ਸੰਸਥਾਪਕ ਡਾਕਟਰ ਜਗਬੀਰ ਸਿੰਘ ਨੇ ਕਵੀ ਦਰਬਾਰ ਦਾ ਆਯੋਜਨ ਦੱਸਦੇ ਹੋਏ ਕਵੀਆਂ ਨੂੰ 'ਜੀ ਆਇਆਂ' ਕਿਹਾ। ਪਹਿਲਾਂ, ਵਿੱਛੜੇ ਸੋਸਾਇਟੀ ਦੇ ਬਾਨੀ ਸੰਸਥਾਪਕ ਡਾਕਟਰ ਸੁਰਜੀਤ ਸਿੰਘ ਭੱਟੀ ਜੀ ਨੂੰ ਸ਼ਰਧਾਂਜਲੀ ਦਿੱਤੀ ਗਈ।

ਕਵੀ ਦਰਬਾਰ ਦੇ ਸ਼ੁਰੂ ਵਿੱਚ, ਪਰਨੀਤ ਕੌਰ, ਸਿਮਰਲੀਨ ਕੌਰ ਅਤੇ ਪਰਮਜੀਤ ਸਿੰਘ, ਟੋਰਾਂਟੋ, ਨੇ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ "ਛੇੜ ਮਰਦਾਨਿਆ ਰਬਾਬ ਬਾਣੀ ਆਈ ਏ" ਸਾਜ਼ਾਂ ਨਾਲ ਸੁਣਾ ਕੇ ਸੁਰਮਈ ਵਾਤਾਵਰਣ ਸਿਰਜ ਦਿੱਤਾ। ਪਟਿਆਲੇ ਤੋਂ ਕੁਲਵੰਤ ਸਿੰਘ ਸੈਦੋਕੇ ਜੀ ਨੇ ਬੈਂਤ ਛੰਦ ਵਿਚ ਕਵਿਤਾ ਸੁਣਾ ਕੇ, ਖ਼ਾਲਸਾ ਸਾਜਨਾ ਦੇ ਬਿਰਤਾਂਤ ਨੂੰ ਅੱਖਾਂ ਅੱਗੇ ਰੂਪਮਾਨ ਕਰ ਦਿੱਤਾ। ਆਨੰਦਪੁਰ ਸਾਹਿਬ ਤੋਂ ਪੰਥਕ ਸ਼ਾਇਰ ਸ. ਨਿਰਵੈਰ ਸਿੰਘ ਅਰਸ਼ੀ ਨੇ ਆਪਣੀ ਭਾਵਪੂਰਤ ਕਵਿਤਾ "ਤੇਰਾ ਖ਼ਾਲਸਾ" ਸਟੇਜੀ ਅੰਦਾਜ਼ ਵਿੱਚ ਸੁਣਾਈ। ਸਿਆਟਲ ਤੋਂ ਆਏ ਸ. ਅਵਤਾਰ ਸਿੰਘ ਆਦਮਪੁਰੀ ਨੇ "ਪਾਹੁਲ ਖੰਡੇਧਾਰ ਦਾਤਾ ਕੈਸੀ ਤੂੰ ਪਿਲਾ ਗਿਆ" ਗੀਤ ਰਾਹੀਂ ਖ਼ਾਲਸੇ ਦੇ ਗੁਣਾਂ ਨੂੰ ਯਾਦ ਕੀਤਾ। ਗੁਰੂ ਨਾਨਕ ਜੀ ਦੇ ਚੋਜਾਂ ਨੂੰ "ਤੇਰੇ ਕਿਹੜੇ ਕਿਹੜੇ ਦੱਸਾਂ ਚੋਜ਼ ਕਈ ਦਾਤਿਆ" ਰਾਹੀਂ ਸ. ਬਲਕਾਰ ਸਿੰਘ ਬੱਲ ਇਟਲੀ ਨੇ ਆਪਣੀ ਸੁੰਦਰ ਅਵਾਜ਼ ਰਾਹੀਂ ਪ੍ਰਗਟ ਕੀਤਾ। ਲੁਧਿਆਣੇ ਤੋਂ ਸ. ਜਸਵਿੰਦਰ ਸਿੰਘ ਰੁਪਾਲ ਨੇ "ਗੁਰੂ ਨਾਨਕ ਤੇਰੀ ਬਾਣੀ" ਰਦੀਫ਼ ਨਾਲ ਸੁਣਾਈ ਗ਼ਜ਼ਲ ਰਾਹੀਂ ਗੁਰੂ ਨਾਨਕ ਦੀ ਬਾਣੀ ਦੀ ਇਨਕਲਾਬੀ ਸ਼ਕਤੀ ਦੀ ਮਹਾਨਤਾ ਦਰਸਾਈ। ਪ੍ਰਿੰ. ਚਰਨਦੀਪ ਕੌਰ ਕੈਲਗਰੀ ਨੇ ਕਵਿਤਾ "ਦਿਨ ਵਿਸਾਖੀ ਸਤਿਗੁਰ ਮੇਰੇ ਖੜ੍ਹ ਗਏ ਤੇਗਾ ਫੜ ਕੇ" ਪੇਸ਼ ਕੀਤੀ ਅਤੇ ਇੱਕ ਕਵਿਤਾ ਗੁਰੂ ਨਾਨਕ ਜੀ ਤੇ ਵੀ ਸੰਗਤ ਨਾਲ ਸਾਂਝੀ ਕੀਤੀ। ਸ਼ਬਦਾਂ ਦੇ ਜਾਦੂਗਰ ਸ. ਮਨਜੀਤ ਸਿੰਘ ਚਾਤ੍ਰਿਕ ਜੀ ਨੇ ਅਨੁਪ੍ਰਾਸ ਛੰਦ ਦੀ ਬਹੁ ਵਰਤੋਂ ਕਰਦੇ ਹੋਏ ਤੇਜ਼ ਰਵਾਨੀ ਵਾਲੀ ਕਵਿਤਾ ਸੰਖ-ਨਾਦ ਸੁਣਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਛੋਟੀ ਬੱਚੀ ਨੂਰ ਕੌਰ ਗਰੇਵਾਲ ਨੇ ਕਵਿਤਾ "ਮੈ ਹਾਂ ਸਾਹਿਬ ਕੌਰ ਦੀ ਧੀ" ਅਤੇ ਸਿਦਕ ਸਿੰਘ ਗਰੇਵਾਲ ਨੇ "ਅਸੀਂ

ਸਰਦਾਰ ਹਾਂ" ਕਵਿਤਾ ਸੁਣਾ ਕੇ ਸਿੱਖੀ ਦੇ ਸੋਹਣੇ ਭਵਿੱਖ ਨੂੰ ਪ੍ਰਗਟਾ ਦਿੱਤਾ। ਸੁਖਮਿੰਦਰ ਸਿੰਘ ਗਿੱਲ ਕੈਲਗਰੀ ਨੇ ਸਾਜ਼ ਅਤੇ ਆਵਾਜ਼ ਦੇ ਸੁੰਦਰ ਸੁਮੇਲ ਰਾਹੀਂ, "ਇਹ ਬਸਤਰ ਸਾਂਭ ਕੇ ਰੱਖਿਓ, ਇਹ ਸ਼ਸਤਰ ਸਾਂਭ ਕੇ ਰੱਖਿਓ" ਦਾ ਇੱਕ ਸਾਰਥਕ ਸੰਦੇਸ਼ ਦਿੱਤਾ। ਗੁਰਦੀਸ਼ ਕੌਰ ਗਰੇਵਾਲ ਨੇ ਆਪਣਾ ਗੀਤ "ਖਾਲਸੇ ਦਾ ਰੁਤਬਾ ਬੜਾ ਮਹਾਨ ਹੈ" ਤਰੰਨਮ ਵਿਚ ਪੇਸ਼ ਕੀਤਾ ਅਤੇ ਸ. ਸੁਜਾਨ ਸਿੰਘ ਸੁਜਾਨ ਨੇ ਗੀਤ "ਦਸਮੇ ਗੁਰਾਂ ਤੋਂ ਕਿਉ ਨਾ ਬਲਿਹਾਰੇ ਜਾਈਏ" ਗਾ ਕੇ ਸੁਣਾਇਆ।

ਅੰਤ ਤੇ 'ਸਾਂਝੀ ਵਿਰਾਸਤ' ਮੈਗਜ਼ੀਨ ਦੇ ਸੰਪਾਦਕ ਕਾਬਲ ਸਿੰਘ ਨੇ, ਕਵੀਆਂ ਦਾ ਧੰਨਵਾਦ ਕਰਦੇ ਹੋਏ, ਕਵੀਆਂ ਨੂੰ ਮੈਗਜ਼ੀਨ ਲਈ ਕਵਿਤਾਵਾਂ ਭੇਜਣ ਦੀ ਬੇਨਤੀ ਕੀਤੀ।

ਕਵੀ ਦਰਬਾਰ ਦਾ ਸੰਚਾਲਨ ਸੁਜਾਨ ਸਿੰਘ ਸੁਜਾਨ ਅਤੇ ਸ੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਜੀ ਨੇ ਸਾਂਝੇ ਤੌਰ ਤੇ ਕੀਤਾ। ਸੋਸਾਇਟੀ ਦੀ ਮਰਿਯਾਦਾ ਅਨੁਸਾਰ ਆਨੰਦ ਸਾਹਿਬ ਦਾ ਪਾਠ ਅਤੇ ਅਰਦਾਸ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਵਧੇਰੇ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ-

ਸ੍ਰੀ ਮਤੀ ਗੁਰਦੀਸ਼ ਕੌਰ ਗਰੇਵਾਲ ਕੈਲਗਰੀ +1(403) 404-1450



ਪਰਮਜੀਤ ਸਿੰਘ ਪ੍ਰਵਾਰ



ਜਸਵਿੰਦਰ ਸਿੰਘ ਰੁਪਾਲ



ਸੁਜਾਨ ਸਿੰਘ ਸੁਜਾਨ



ਅਵਤਾਰ ਸਿੰਘ ਆਦਮਪੁਰੀ, ਸੀਅਟਲ




ਸੁਖਮੰਦਰ ਸਿੰਘ ਗਿਲ




ਕੁਲਵੰਤ ਸਿੰਘ ਸੈਦੋਪੁਰੀ, ਪਟਿਆਲਾ




ਭਲਕਾਰ ਸਿੰਘ ਬਲ, ਇਟਲੀ





ਸਿਦਕ ਸਿੰਘ ਗਰੇਵਾਲ



ਨੂਰ ਕੌਰ ਗਰੇਵਾਲ







ਮਨਜੀਤ ਸਿੰਘ ਚਾਤਰਿਕ,
ਮੌਂਟਰੀਅਲ

ਨਿਰਵੈਰ ਸਿੰਘ ਅਰਸ਼ੀ,
ਅਨੰਦਪੁਰ ਸਾਹਿਬ

ਚਰਨਦੀਪ ਕੌਰ



ਗੁਰਦੀਸ਼ ਕੌਰ ਗਰੇਵਾਲ

# ਸਿੱਖੀ ਦੇ ਪੰਧ

ਸੁਖਮੰਦਰ ਸਿੰਘ ਗਿੱਲ (ਕੈਲਗਰੀ, 587 436 7136)

ਏਹ ਵਸਤਰ ਸਾਂਭ ਕੇ ਰੱਖਿਉ,
ਇਹ ਸ਼ਸਤਰ ਸਾਂਭ ਕੇ ਰੱਖਿਓ।
ਸਿਰਾਂ ਬਦਲੇ ਖਰੀਦੇ ਨੇ,
ਏਹ ਸਸ਼ਤਰ ਸਾਂਭ ਕੇ ਰੱਖਿਓ।

ਸਿੱਖੀ ਦੇ ਪੰਧ ਲੰਬੇਰੇ ਨੇ,
ਪੈਂਡੇ ਬਿਖੜੇ ਬਬੇਰੇ ਨੇ,
ਦੁਸ਼ਮਣ ਚਾਰ ਚੁਫੇਰੇ ਨੇ,
ਬੜੇ ਸੰਘਣੇ ਹਨੇਰੇ ਨੇ।

ਕਿ ਜਜ਼ਬੇ ਸਾਂਭ ਕੇ ਰੱਖਿਓ,
ਇਹ ਅਸਤਰ ਸਾਂਭ ਕੇ ਰੱਖਿਓ,
ਇਹ ਵਸਤਰ ਸਾਂਭ ਕੇ ਰੱਖਿਓ,
ਕਿ ਸ਼ਸਤਰ ਸਾਂਭ ਕੇ ਰੱਖਿਓ।

ਹੋਣਾ ਓਹੀਓ ਗੁਰੂ ਭਾਵੇ,
ਜਾਨ ਬੇਸ਼ੱਕ ਚਲੀ ਜਾਵੇ,
ਏਹ ਹੱਥੋਂ ਨਿਕਲ ਨਾ ਜਾਵੇ,
ਕਿ ਜ਼ਿੰਦਗੀ ਫੇਰ ਨਾ ਆਵੇ।

ਨਸੀਬਾਂ ਨਾਲ ਮਿਲਦੇ ਐ,
ਕਿ ਅਵਸਰ ਸਾਂਭ ਕੇ ਰੱਖਿਓ,
ਏਹ ਵਸਤਰ ਸਾਂਭ ਕੇ ਰੱਖਿਓ,
ਇਹ ਸਸ਼ਤਰ ਸਾਂਭ ਕੇ ਰੱਖਿਓ।
ਗੁਰਾਂ ਦਸਤਾਰ ਬਖਸ਼ੀ ਐ,
ਗੁਰਾਂ ਤਲਵਾਰ ਬਖਸ਼ੀ ਐ,
ਗੁਰਾਂ ਰਫਤਾਰ ਬਖਸ਼ੀ ਐ,
ਗੁਰਾਂ ਲਲਕਾਰ ਬਖਸ਼ੀ ਐ,
ਪੰਜ ਕਕਾਰ ਬਖਸ਼ੇ ਐ।

ਏਹ ਨਸ਼ਤਰ ਸਾਂਭ ਕੇ ਰੱਖਿਓ,
ਏਹ ਵਸਤਰ ਸਾਂਭ ਕੇ ਰੱਖਿਓ
ਇਹ ਸ਼ਸਤਰ ਸਾਂਭ ਕੇ ਰੱਖਿਓ।

ਗੁਰਾਂ ਦੀ ਸੋਚ ਤੇ ਖੜ੍ਹਨਾ,
ਗੁਰਾਂ ਦੀ ਬਾਣੀ ਨਿੱਤ ਪੜ੍ਹਨਾ,
ਸਦਾ ਸੱਚ ਤੇ ਹੀ ਹੈ ਖੜ੍ਹਨਾ,
ਸੂਲੀ ਤੇ ਪੈ ਜਾਏ ਚੜ੍ਹਨਾ।

ਨਿਸ਼ਾਨਾ ਭੁੱਲ ਨਾ ਜਾਇਓ,
ਕਿ ਤਰਕਸ਼ ਸਾਂਭ ਕੇ ਰੱਖਿਓ,
ਏਹ ਵਸਤਰ ਸਾਂਭ ਕੇ ਰੱਖਿਓ,
ਇਹ ਸ਼ਸਤਰ ਸਾਂਭ ਕੇ ਰੱਖਿਓ।



# ਪੰਥ ਬਨਾਮ ਗੁਰੂ ਪੰਥ: ਭਾਗ 1

ਨਿਰਮਲ ਸਿੰਘ, ਵਿਕਟੋਰੀਆ (ਬੀ.ਸੀ., ਕੈਨੇਡਾ; 250-361-7327)

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਪੰਥ ਬਨਾਮ ਗੁਰੂ ਪੰਥ ਵਿਸ਼ਾ ਬਹੁਤ ਹੀ ਗਹਰ-ਗੰਭੀਰ ਅਤੇ ਮਹੱਤਵਪੂਰਨ ਹੈ ਕਿਉਂਕਿ ਇਹ ਦੇਸ਼ ਵਿਦੇਸ਼ ਵਿਚ ਵਸਦੇ ਉਸ ਹਰ ਪ੍ਰਾਣੀ ਨਾਲ ਸਬੰਧਤ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਸੋਭਾਏਮਾਨ ਬਾਣੀ ਨੂੰ ਗੁਰੂ ਮੰਨਣ ਦਾ ਹਾਮੀ ਹੈ।

ਐਸ.ਜੀ.ਪੀ.ਸੀ. ਵਲੋਂ ਜੋ ਸਿੱਖ ਰਹਿਤ ਮਰਿਯਾਦਾ ਛਪਾਈ ਜਾਂਦੀ ਹੈ ਉਸਦੇ ਦੇ ਪੰਨਾਂ ਨੰ 27 ਤੇ ਗੁਰੂ ਪੰਥ ਸਿਰਲੇਖ ਹੇਠ (ਭਾਗ ੳ) ਇਸ ਦੀ ਪਰਭਾਸ਼ਾ ਇਸ ਤਰ੍ਹਾਂ ਹੈ:

'ਤਿਆਰ-ਬਰ-ਤਿਆਰ ਸਿੰਘਾ ਦੇ ਸਮੁੱਚੇ ਸਮੂਹ ਨੂੰ ਗੁਰੂ ਪੰਥ ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।' (ਮਤਲਬ ਕਿ ਤਿਆਰ ਬਰ ਤਿਆਰ ਸਿੰਘਾ ਨੂੰ ਗੁਰਿਆਈ ਸੌਂਪੀ).

ਗੁਰੂ ਪਿਆਰਿਓ ਐਸ.ਜੀ.ਪੀ.ਸੀ., ਜਿਸ ਨੂੰ ਸਿਖਾਂ ਦੀ ਸਿਰਮੋਰ ਸੰਸਥਾ ਆਖਿਆਂ ਜਾਂਦਾ ਹੈ, ਉਹ ਆਪਣੇ ਆਪ ਨੂੰ ਗੁਰੂ ਪੰਥ ਸਮਝਦੀ ਹੋਣ ਕਰਕੇ ਆਮ ਤੌਰ ਤੇ ਆਪਣੇ ਸੁਆਰਥ ਦੀ ਪੂਰਤੀ ਵਾਸਤੇ ਸ੍ਰੀ ਅਕਾਲ ਤਖਤ ਅਤੇ ਦੂਸਰੇ ਤੱਖਤਾਂ ਦੇ ਜਥੇਦਾਰਾਂ ਤੋ ਹੁਕਮਨਾਮੇ ਜਾਰੀ ਕਰਵਾ ਕੇ ਸੰਸਾਰ ਭਰ ਦੇ ਸਿਖਾਂ ਤੇ ਇਹ ਕਹਿ ਕੇ ਲਾਗੂ ਕਰਵਾਉਣ ਵਿਚ ਯਤਨਸ਼ੀਲ ਰਹੰਦੀ ਹੈ ਕਿ ਇਹ ਗੁਰੂ ਪੰਥ ਦਾ ਫੈਸਲਾ ਹੈ। ਪਰ ਅਸੀਂ ਸਭ ਭਲੀ ਭਾਂਤ ਜਾਣਦੇ ਹਾਂ ਕਿ ਪੰਜਾਂ ਤਖਤਾਂ ਚੋਂ ਦੋ ਤਖੱਤ ਸਿਧੇ ਰੂਪ ਵਿਚ ਸਰਕਾਰੀ ਤੰਤਰ ਹੇਠ ਚਲ ਰਹੇ ਹਨ ਅਤੇ ਬਾਕੀ ਤਿੰਨ ਤਖਤਾਂ ਤੇ ਲੁਕਵੇਂ ਰੂਪ ਵਿਚ ਕੁਝ ਲੋਕਾਂ ਦਾ ਜਾਂ ਸਰਕਾਰਾਂ ਦਾ ਹੀ ਕਬਜ਼ਾ ਹੈ। ਇਸੇ ਤਰ੍ਹਾਂ ਕੁਝ ਹੋਰ ਸਿਖ ਸੰਸਥਾਵਾਂ ਅਤੇ ਸੰਪਰਦਾਵਾਂ ਵੀ ਆਪਣੀ ਆਪਣੀ ਰਹਿਤ ਮਰਿਯਾਦਾ ਅਤੇ ਆਪਣੀ ਵਿਚਾਰਧਾਰਾ ਨੂੰ ਗੁਰੂ ਪੰਥ ਸਮਝਦੇ ਹੋਏ ਆਪਣੇ ਫੈਸਲੇ ਲੈਂਦੇ ਹਨ।

ਪੰਥ ਸ਼ਬਦ ਦੇ ਸਹੀ ਅਰਥ ਜਾਂ ਪਰਿਭਾਸ਼ਾ ਕੀ ਹੈ ਇਹ ਅਸੀਂ ਗੁਰਬਾਣੀ ਤੋਂ ਹੀ ਸਮਝਣ ਦਾ ਯਤਨ ਕਰਨਾਂ ਹੈ:-

**ਮ 3: ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ (ਪੰਨਾਂ 515)**

**ਮ 5: ਝਾੜਿ ਕਰਤ ਸਾਕਤ ਗਾਵਾਰਾ॥ ਜੇਹ ਹੀਐ ਅਹੰਬੁਧਿ ਬਿਕਾਰਾ॥ ਝਾੜਾ ਗੁਰਮੁਖਿ ਝਾੜਿ ਮਿਟਾਈ॥ ਨਿਮਖ ਮਾਹਿ ਨਾਨਕ ਸਮਝਾਈ॥ (ਪੰਨਾਂ 260)**

**ਅਰਥ**: ਇਹ ਹਉਮੈ ਵਾਲੀ ਰੜਕ ਆਪਣੇ ਅੰਦਰ ਕਠੋਰ ਬਿਰਤੀ ਵਾਲੇ ਉਹੀ ਮੂਰਖਤਾ ਵਿਚ ਗ੍ਰਸੇ ਬੰਦੇ ਕਾਇਮ ਰੱਖਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਹਉਮੈ ਵਾਲੀ ਬੁੱਧੀ ਤੋਂ ਉਪਜੇ ਭੈੜ ਟਿਕੇ ਰਹਿੰਦੇ ਹਨ। ਪਰ ਨਾਨਕ ਪਾਤਿਸ਼ਾਹ ਆਖਦੇ ਹਨ ਕਿ! ਜਿਨ੍ਹਾਂ ਨੇ ਗੁਰੂ ਦੀ ਸਰਨ ਪੈ ਕੇ ਹਉਮੈ ਵਾਲੀ ਮੱਤ ਦੂਰ ਕਰ ਲਈ, ਉਹਨਾਂ ਨੂੰ ਗੁਰੂ ਅੱਖ ਦੇ ਇਕ ਫੋਰ ਵਿਚ ਹੀ ਸਹੀ ਸਮਝ ਬਖਸ਼ ਦੇਦਾ ਹੈ। ਇਹ ਹੈ ਗੁਰੂ ਦਾ ਬਿਰਦ-ਸਿਧਾਂਤ।

**ਗੁਰੂ ਦੇ ਬਿਰਦ ਨੂੰ ਕੁਝ ਹੋਰ ਸਮਝਦੇ ਹਾਂ**

**ਮ 5: ਭੂਲੇ ਕਉ ਗੁਰਿ ਮਾਰਗਿ ਪਾਇਆ॥ (ਪੰਨਾਂ 864)**

**ਮ 1: ਗੁਰ ਬਿਨੁ ਕਿਨੈ ਨ ਪਾਇਓ ਕੇਤੀ ਕਹੈ ਕਹਾਏ॥ ਆਪਿ ਦਿਖਾਵੈ ਵਾਟੜੀਂ ਸਚੀ ਭਗਤਿ ਦ੍ਰਿੜਾਏ॥ (ਪੰਨਾਂ 420)**

**ਮ 3: ਮਨਮੁਖ ਅਗਿਆਨਿ ਕੁਮਾਰਗਿ ਪਾਏ॥ (ਪੰਨਾਂ 231)**

**ਅਰਥ**: ਮਨਮੁਖ ਦਾ ਰਾਹ ਕੁਮਾਰਗਿ- ਭਾਵ ਕਿ ਗਲਤ ਰਾਹ, ਪਰ ਗੁਰਮੁਖ ਦਾ ਰਾਹ ਸ਼ਬਦ ਗੁਰੂ ਵਾਲਾ ਸਹੀ ਰਾਹ ਉਤੱਮ ਸੁਰਤਿ।

## ਪਰ ਗੁਰੂ ਦਾ ਬਿਰਦ ਕੀ ਹੈ

ਜੇ ਕਰ ਕਿਸੇ ਪ੍ਰਕਣ ਨੂੰ ਸਮਝਣਾ ਹੋਵੇ ਤਾਂ ਗੁਰਬਾਣੀ ਚੋਂ ਹੀ ਸਮਝਣਾ ਚਾਹੀਦਾ ਹੈ।

**ਮ 1: ਭੂਲੇ ਸਿਖ ਗੁਰੂ ਸਮਝਾਏ॥ ਉਝੜਿ ਜਾਦੇ ਮਾਰਗਿ ਪਾਏ॥ (ਪੰਨਾਂ 1032)**

**ਮ 4: ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ॥ (ਪੰਨਾਂ 981)**

**ਮ 3: ਗੁਰ ਕੀ ਬਾਣੀ ਗੁਰ ਤੇ ਜਾਤੀ॥ (ਪੰਨਾਂ 1346)**

## ਮਹਾਨ ਕੋਸ਼ ਜਾਂ ਹੋਰ ਡਿਕਸ਼ਨਰੀਆਂ ਅਨੁੰਸਾਰ ਪੰਥ ਦਾ ਅਰਥ

ਰਸਤਾ, ਰਾਹ, ਮਾਰਗ, ਵਾਟ, ਵਾਟੜੀ, ਪ੍ਰਮੇਸ਼ਰ ਦੀ ਪ੍ਰਾਪਤੀ ਦਾ ਰਾਹ, ਬਿਧੀ, ਢੰਗ, ਤਰੀਕਾ, ਗੁਰ, ਕਲਾ ਅਤੇ ਜੁਗਤਿ ਆਦਿਕ ਹਨ॥

ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਵੱਖ-ਵੱਖ ਰੂਪਾਂ ਵਿਚ 1 ਤੋਂ 50 ਵਾਰ ਅੰਕਿਤ ਹੈ। ਜਿਵੇਂ ਪੰਥ (4), ਪੰਥੁ (50), ਪੰਥਿ (16), ਪੰਥਾ (7), ਪੰਥੀ (3), ਪਥੁ (1), ਪਥਾ (1), ਪਥਿਕ (1), ਪੰਦਿ (2) ਤੇ ਪੰਧਿ (1)।

## ਪੰਥ ਦੀ ਪਰਿਭਾਸ਼ਾ

**ਮ 5: ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ॥ ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ॥ ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ॥ ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ॥ (ਪੰਨਾਂ 256-257)**

**ਅਰਥ**: ਐ ਪ੍ਰਾਣੀ ਉਸ ਗੁਣ ਰੂਪੀ ਗੋਬਿੰਦ ਰਾਇ ਨਾਲ ਪ੍ਰੇਮ-ਪਿਆਰ ਕਰ ਜੋ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਜਿਸ ਨਾਲ ਮਨ-ਇੱਛਤ ਫਲ ਪ੍ਰਾਪਤ ਕਰੇਂਗਾ (ਮਨ ਇੱਛਤ ਫਲ ਦਾ ਭਾਵ ਹੈ-ਮਨ ਦਾ ਸਹਿਜ ਤੇ ਅਡੋਲ ਅਵਸਥਾ), ਤੇਰੇ ਮਨ ਦੀ ਤ੍ਰਿਸ਼ਨਾਲੂ-ਅੱਗ ਦੀ ਤਪਸ਼ ਮਿਟ ਜਾਏਗੀ। ਜਿਸ ਪ੍ਰਾਣੀ ਦੇ ਮਨ ਵਿਚ ਪ੍ਰਭੂ ਦਾ ਨਾਮ ਵੱਸ ਜਾਏ ਉਸ ਦਾ ਜਮਾਂ ਦੇ ਰਸਤੇ ਦਾ ਡਰ ਮਿਟ ਜਾਂਦਾ ਹੈ। ਨਾਮ ਦੀ ਬਰਕਤਿ ਨਾਲ ਉੱਚੀ ਮਾਨਸਿਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਮਤਿ ਵਿਚ ਸੱਚ ਦੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ ਅਤੇ ਸੁਰਤਿ ਨਿਜਘਰਿ ਵਿਚ ਵੱਸਦੇ ਪ੍ਰਭੂ-ਚਰਨਾਂ ਵਿਚ ਟਿਕੀ ਰਹਿੰਦੀ ਹੈ। (ਤ੍ਰਾਸ ਮਿਟੈ ਜਮ ਪੰਥ ਕੀ- ਤ੍ਰਿਸ਼ਨਾਲੂ ਬਿਰਤੀ ਵਾਲੀ ਮਤਿ ਦਾ ਰਸਤਾ) (ਗੁਣ ਨਿਧਿ ਗੋਬਿਦ ਰਾਇ-ਦੈਵੀ ਗੁਣਾਂ ਵਾਲੀ ਉਤੱਮ ਮਤਿ ਵਾਲਾ ਰਸਤਾ)

**ਮ 9: ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥ ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥** (ਫੁਨਿ-ਮੁੜ) **(ਪੰਨਾਂ 219)**

**ਅਰਥ**: ਗੁਰੂ ਸਾਹਿਬ ਸਮਝਾ ਰਹੇ ਹਨ ਕਿ, ਅਹੰਕਾਰ ਅਤੇ ਮਾਇਆ ਦਾ ਮੋਹ ਦੂਰ ਕਰ ਕੇ ਆਪਣਾ ਚਿੱਤ ਪ੍ਰਮੇਸ਼ਰ ਦੇ ਭਜਨ-ਬੰਦਗੀ ਵਿਚ ਜੋੜੀ ਰੱਖੋ। ਨਾਨਕ ਪਾਤਿਸ਼ਾਹ ਆਖਦੇ ਹਨ ਕਿ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਕਰਨ ਦਾ ਇਹੀ ਰਸਤਾ ਹੈ-ਮੁਕਤਿ ਪੰਥ ਹੈ। ਗੁਰੂ ਦੀ ਸਰਨ ਪੈ ਕੇ ਹੀ ਤੁਸੀਂ ਇਹ ਪ੍ਰਾਪਤੀ ਕਰ ਸਕਦੇ ਹੋ। (ਮੁਕਤਿ ਪੰਥ-ਕੁੜਿਆਰ ਮਨ ਤੋਂ ਸਚਿਆਰ ਬਨਣ ਦਾ ਢੰਗ-ਤਰੀਕਾ-ਰਸਤਾ-ਜੁਗਤਿ-ਬਿਧੀ-ਪੰਥ)

**ਮ 5: ਭਵ ਸਾਗਰ ਬੋਹਿਥ ਹਰਿ ਚਰਣ॥ ਸਿਮਰਤ ਨਾਮੁ ਨਾਹੀ ਫਿਰਿ ਮਰਣ॥ ਹਰਿ ਗੁਣ ਰਮਤ ਨਾਹੀ ਜਮ ਪੰਥ॥ ਮਹਾ ਬੀਚਾਰ ਪੰਚ ਦੂਤਹ ਮੰਥ॥ (ਪੰਨਾਂ 867)**

**ਅਰਥ**: ਪ੍ਰਮੇਸ਼ਰ ਦੇ ਸ਼ਬਦ ਰੂਪੀ ਚਰਨ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਵਾਸਤੇ ਇਕ ਜਹਾਜ਼ ਸਮਾਨ ਹਨ। ਪ੍ਰਮੇਸ਼ਰ ਦਾ ਨਾਮ ਸਿਮਰਦਿਆਂ ਮੁੜ ਮੁੜ, ਪਲ ਪਲ ਜ਼ਮੀਰ ਦੀ ਮੌਤ ਨਹੀਂ ਹੁੰਦੀ। ਪ੍ਰਭੂ ਦੇ ਗੁਣ ਗਾਂਦਿਆਂ ਜਮਾਂ ਦੇ ਰਸਤੇ ਤੋਂ ਨਿਯਾਤ ਮਿਲਦੀ ਹੈ॥ ਪ੍ਰਮੇਸ਼ਰ ਦੇ ਗੁਣਾਂ ਦੀ ਵਿਚਾਰ, ਉਪਦੇਸ਼ ਜੋ ਹੋਰ ਸਾਰੀਆਂ ਵਿਚਾਰਾਂ ਤੋਂ ਉੱਤਮ ਹੈ॥ ਕਾਮਾਦਿਕ ਪੰਜ ਵੈਰੀਆਂ ਦਾ ਨਾਸ ਕਰ ਦੇਂਦੀ ਹੈ।

**ਹੁਣ ਵਿਚਾਰਦੇ ਹਾਂ ਸ਼ਬਦ ਪੰਥੁ (ਪ ਉਪੱਰ ਟਿਪੀ ਤੇ ਥ ਥਲੇ ਔਂਕੜ)**

**ਮ 1: ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥ ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ॥ (ਪੰਨਾਂ 229)**

**ਅਰਥ**: ਉਨ੍ਹਾਂ ਪ੍ਰਾਣੀਆਂ ਨੂੰ ਕੀ ਆਖੀਏ ਜਿਹੜੇ ਮਨ ਕਰਕੇ ਅੰਨ੍ਹੇ ਅਤੇ ਬਿਬੇਕ ਬੁੱਧ ਤੋਂ ਸੱਖਣੇ ਹੋਣ? ਗੁਰੂ ਦੇ ਗਿਆਨ ਤੋਂ ਬਿਨਾਂ ਉਹਨਾਂ ਨੂੰ ਜੀਵਨ ਦਾ ਸਹੀ ਰਸਤਾ (ਪੰਥੁ) ਨਹੀਂ ਲੱਭ ਸਕਦਾ। ਗੁਰੂ ਦੇ ਦੱਸੇ ਮਾਰਗ ਤੋਂ ਬਗੈਰ ਉਨ੍ਹਾਂ ਦੇ ਜੀਵਨ ਦਾ ਸਹੀ ਨਿਰਬਾਹ ਕਿਵੇਂ ਹੋਵੇ ਜਾਂ ਗੁਜ਼ਾਰਾ ਕਿਵੇਂ ਹੋਵੇ, ਸਚਿਅਰਾ ਕਿਵੇਂ ਹੋਵੇ?

**ਮ 3: ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ ਜਿਨਿ ਹਰਿ ਕਾ ਹਰਿ ਪੰਥੁ ਬਤਾਇਆ॥ ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ॥ ਸੋ ਸਤਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ॥ (ਪੰਨਾ 586)**

**ਅਰਥ**: ਜਿਸ ਗੁਰੂ ਨੇ ਪ੍ਰਮੇਸ਼ਰ ਦੇ ਮਿਲਣ ਦਾ ਰਾਹ-ਜੁਗਤਿ-ਮਾਰਗ ਦੱਸਿਆ। ਉਸ ਦਾ ਸੁਰਤਿ ਕਰਕੇ, ਮਨ ਕਰਕੇ ਪਲ ਪਲ ਦਰਸ਼ਨ ਕਰੋ, ਗੁਰੂ ਗਿਆਨ ਨੂੰ ਸੰਪੂਰਨ ਸਮਰਪਿਤ ਰਹੋ। ਜਿਸ ਸਤਿਗੁਰੂ ਨੇ ਜੀਵਾਂ ਦੇ ਹਿਰਦੇ ਵਿਚੋਂ ਅਗਿਆਨਤਾ ਦੇ ਮੋਹ ਦਾ ਹਨੇਰਾ ਦੂਰ ਕੀਤਾ ਹੈ, ਉਸ ਦੇ ਚਰਨੀਂ ਲੱਗੇ ਰਹੋ। ਜਿਸ ਗੁਰੂ ਨੇ ਪ੍ਰਭੂ ਦੀ ਭਗਤੀ ਦੇ ਖ਼ਜ਼ਾਨੇ ਲਭਾ ਦਿੱਤੇ ਹਨ, ਆਖੋ— ਉਹ ਸਤਿਗੁਰੂ ਧੰਨ ਹੈ, ਉਹ ਗੁਰੂ ਧੰਨ ਹੈ।

**ਮ 3: ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ ਕੋ ਪਾਏ ਗੁਰ ਵੀਚਾਰਾ॥ ਹਰਿ ਕੈ ਰੰਗਿ ਰਾਤਾ ਸਬਦੇ ਮਾਤਾ ਹਉਮੈ ਤਜੇ ਵਿਕਾਰਾ॥ ਨਾਨਕ ਨਾਮਿ ਰਤਾ ਇਕ ਰੰਗੀ ਸਬਦਿ ਸਵਾਰਣਹਾਰਾ॥ (ਪੰਨਾਂ 600)**

**ਅਰਥ**: ਪ੍ਰਮੇਸ਼ਰ ਦੇ ਮਿਲਾਪ ਦਾ ਰਸਤਾ ਬੜਾ ਕਠਨ ਹੈ, ਓਹੀ ਪ੍ਰਾਣੀ ਹਰੀ ਪ੍ਰਮੇਸ਼ਰ ਦੇ ਰਸਤੇ ਦੀ ਪ੍ਰਪਤੀ ਕਰ ਸਕਦਾ ਹੈ ਜੇਹੜਾ ਗੁਰੂ ਦੇ ਸ਼ਬਦ ਦੀ ਵਿਚਾਰ ਨੂੰ ਸਮਝ ਕੇ ਅਪਣਾਉਂਦਾ ਹੈ। ਉਹ ਮਨੁੱਖ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗਿਆ ਜਾਂਦਾ ਹੈ, ਗੁਰੂ ਦੇ ਸ਼ਬਦ ਵਿਚ ਮਸਤ ਰਹਿੰਦਾ ਹੈ, ਆਪਣੇ ਅੰਦਰੋਂ ਹਉਮੈ ਆਦਿਕ ਵਿਕਾਰ ਦੂਰ ਕਰ ਦੇਂਦਾ ਹੈ।

**ਮ 4: ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ॥ ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ॥ ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ॥ (ਪੰਨਾਂ 41)**

**ਅਰਥ**: ਮੈਂ ਸਦਾ ਹੀ ਇਸ ਤਾਂਘ ਵਿਚ ਖਲੋਤੀ ਹੋਈ ਹਾਂ ਅਤੇ ਪ੍ਰਮੇਸ਼ਰ ਨੂੰ ਮਿਲਣ ਦਾ ਰਾਹ ਪੁੱਛਦੀ ਹਾਂ, ਮੈਂ ਸਦਾ ਲੋਚਦੀ ਹਾਂ ਕਿ ਕੋਈ ਮੈਨੂੰ ਪ੍ਰਭੂ ਨੂੰ ਪਉਣ ਦਾ ਰਸਤਾ ਦੱਸੇ, ਜਿਸਦੇ ਰਾਹੀਂ, ਉਸ ਦੀ ਸਹੈਤਾ ਨਾਲ ਪ੍ਰਭੂ ਦਾ ਮਿਲਾਪ ਹੋ ਸਕੇ। ਜਿਨ੍ਹਾਂ ਸਤਿਸੰਗੀ ਸਹੇਲੀਆਂ ਨੇ ਪਿਆਰੇ ਪ੍ਰਭੂ ਦਾ ਮਿਲਾਪ ਹਾਸਲ ਕੀਤਾ ਹੈ ਮੈਂ ਉਹਨਾਂ ਅੱਗੇ ਤਰਲਾ ਕਰਦੀ ਹਾਂ, ਰਸਤਾ ਪੁਛਦੀ ਹਾਂ ਕਿ ਉਹਨਾਂ ਨੇ ਕਿਵੇਂ ਪ੍ਰਭੂ ਦੀ ਪ੍ਰਾਪਤੀ ਕੀਤੀ ਹੈ ਸੋ ਮੈਂ ਵੀ ਉਸੇ ਮਾਰਗ ਪਿੱਛੇ ਲੱਗੀ ਫਿਰਾਂ। ਮੈਂ ਉਹਨਾਂ ਅੱਗੇ ਬੇਨਤੀ ਕਰਦੀ ਹਾਂ-ਜੋਦੜੀ ਕਰਦੀ ਹਾਂ ਕਿਉਂਕਿ ਮੇਰੇ ਅੰਦਰ ਪ੍ਰਭੂ ਨੂੰ ਮਿਲਣ ਦਾ ਚਾਉ ਹੈ, ਉਮੰਗ ਹੈ,ਤੜਫ ਹੈ।

**ਸਵਯੇ ਸ੍ਰੀ ਮੁਖ ਵਾਕ ਮਹਲਾ 5: ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ**

**ਖਾਈ॥ ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥ ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥ ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥ (ਪੰਨਾ 1406)**

**ਅਰਥ**: ਅਸੀ ਅਵਗੁਣਾਂ ਨਾਲ ਭਰੇ ਹੋਏ ਹਾਂ, ਸਾਡੇ ਵਿਚ ਇੱਕ ਭੀ ਗੁਣ ਨਹੀਂ ਹੈ, ਅੰਮ੍ਰਿਤ-ਨਾਮ ਨੂੰ ਛੱਡ ਕੇ ਅਸੀਂ ਨਿਰੀ ਜ਼ਹਿਰ ਹੀ ਖਾਧੀ ਹੈ। ਮੋਹ-ਮਾਇਆ ਅਤੇ ਭਰਮਾਂ ਵਿਚ ਪੈ ਕੇ ਅਸੀਂ ਸਹੀ ਜੀਵਨ-ਰਾਹ ਤੋਂ ਭੁੱਲੇ ਹੋਏ ਹਾਂ ਅਤੇ ਜ਼ਹਿਰ ਰੂਪੀ ਅਵਗੁਣੀ ਮੱਤ ਦੇ ਪੁੱਤਰ ਮਨ ਨੇ ਅਵਗੁਣਾਂ ਨਾਲ ਪ੍ਰੀਤ ਪਾਈ ਹੋਈ ਹੈ। ਅਸੀਂ ਸਤਿਗੁਰੂ ਦੀ ਸੰਗਤਿ ਵਾਲਾ ਇਕ ਉੱਚਾ-ਸੁੱਚਾ ਰਾਹ-ਉਤਮ ਪੰਥ ਸੁਣਿਆ, ਜਿਸ ਤੇ ਚਲ ਕੇ ਅਸਾਂ ਜਮਾਂ ਦਾ ਡਰ ਮਿਟਾ ਲਿਆ ਹੈ। 'ਕੀਰਤ' ਭੱਟ ਦੀ ਬੇਨਤੀ ਹੈ ਕਿ ਹੇ ਗੁਰੂ ਰਾਮਦਾਸ ਜੀ! ਆਪਣੀ ਸਰਨੀ ਹੀ ਰੱਖੋ।

**ਮ 5: ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ॥ ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ॥ ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ॥ ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ॥ (ਪੰਨਾਂ 208)**

**ਅਰਥ**: ਮੇਰੇ ਪੰਜੇ ਹੀ ਗਿਆਨ ਇੰਦ੍ਰੇ ਉਸ ਇਕ ਅਕਾਲ ਪੁਰਖ ਨੂੰ ਸਮਰਪੱਤ ਹੋ ਗਏ ਹਨ। ਇਹ ਹੀ ਮੇਰਾ ਜੋਗ-ਪੰਥ ਹੈ। (ਗੁਰੂ ਦੇ ਉਪਦੇਸ਼ ਰਾਹੀਂ ਜਦੋਂ ਤੋਂ) ਵਿਕਾਰਾਂ ਵਲੋਂ ਉਪਰਾਮ ਹੋ ਕੇ ਮੇਰੀਆਂ ਦਸੇ ਇੰਦ੍ਰੀਆਂ (ਉੱਚੀ ਮਤਿ ਦੀ) ਆਗਿਆ ਵਿਚ ਤੁਰਨ ਲੱਗ ਪਈਆਂ ਹਨ, ਤਦੋਂ ਤੋਂ ਮੈਂ ਪਵਿੱਤਰ ਜੀਵਨ ਵਾਲਾ ਜੋਗੀ ਬਣ ਗਿਆ ਹਾਂ। ਮੈਂ ਆਪਣੇ ਮਨ ਦੇ ਭਰਮਾਂ ਨੂੰ ਸਾੜ ਸੁਟਿਆ ਹੈ ਅਤੇ ਇਸ ਦੀ ਸੁਆਹ ਮੈਂ ਆਪਣੇ ਪਿੰਡੇ ਉਤੇ ਮਲ ਲਈ ਹੈ, ਮੈਂ ਇਕ ਪ੍ਰਮੇਸ਼ਰ ਨੂੰ ਹੀ ਸਾਰੇ ਸੰਸਾਰ ਵਿਚ ਵਿਆਪਕ ਵੇਖਦਾ ਹਾਂ— ਇਹ ਹੈ ਮੇਰਾ ਜੋਗ-ਪੰਥੁ। ਮੈਂ ਉਸ ਆਤਮਕ ਅਡੋਲਤਾ ਦੇ ਆਨੰਦ ਨੂੰ ਆਪਣੀ ਆਤਮਕ ਖ਼ੁਰਾਕ ਵਾਸਤੇ ਜੋਗੀਆਂ ਦੇ ਭੰਡਾਰੇ ਵਾਲਾ ਚੂਰਮਾ ਬਣਾਇਆ ਹੈ, ਜਿਸ ਦੀ ਪ੍ਰਾਪਤੀ ਠਾਕੁਰ-ਪ੍ਰਭੂ ਨੇ ਮੇਰੇ ਮੱਥੇ ਉਤੇ ਲਿਖ ਦਿੱਤੀ। (ਭਾਵ ਕਿ ਮੇਰੇ ਸੰਸਕਾਰ ਬਣ ਗਏ)

**(ਭਾਗ 2 ਅਗਲੇ ਅੰਕ ਵਿਚ ਪੜ੍ਹੋ ਜੀ)**

# ਵਾਰਾਂ ਭਾਈ ਗੁਰਦਾਸ ਜੀ: ਭਾਗ ਤੀਜਾ

## ਜਸਵਿੰਦਰ ਸਿੰਘ ਰੁਪਾਲ

### ਮੂਲ ਪਾਠ (ਵਾਰ ੧ ਪਉੜੀ ੩)

***ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ। ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭ ਬੋਲਣੁ ਬਚਨ ਸਨੇਹੀ। ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ। ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ। ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜਿ ਸਮਝਿ ਸੁਣੇਹੀ। ਗੁਰਭਾਈ ਸੰਤੁਸਟਿ ਕਰਿ ਚਰਣਾਮਿਤੁ ਲੈ ਮੁਖਿ ਪਿਵੇਹੀ। ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਰਾਸਿ ਕਰੇਹੀ। ਆਪ ਤਰੇ ਗੁਰ ਸਿਖ ਤਰੇਹੀ॥੩॥**

**ਸਰਲ ਅਰਥ:** ਚੌਰਾਸੀ ਲੱਖ ਜੂਨਾਂ ਵਿਚ ਮਨੁੱਖ ਸਰੀਰ ਉੱਤਮ ਜਨਮ ਹੈ। ਕਿਉਂਜੋ ਅੱਖਾਂ ਸ਼ੁਭ ਵੇਖਦੀਆਂ ਹਨ, ਕੰਨ ਸ਼ੁਭ ਬਚਨ ਸੁਣਦੇ ਹਨ, ਮੁੱਖ ਸ਼ੁਭ ਤੇ ਪ੍ਰੇਮ ਦੇ ਵਾਕ ਬੋਲਦਾ ਹੈ। ਜੋ ਹੱਥਾਂ ਨਾਲ ਕਾਰ ਕਰੇ, ਪੈਰਾਂ ਨਾਲ ਤੁਰਕੇ ਸਤਿਸੰਗਿ ਵਿੱਚ ਮਿਲੇ। ਧਰਮ ਦੀ ਬਿਰਤੀ ਦੀ ਕਿਰਤ ਕਰ ਕੇ ਖੱਟ ਕੇ ਖਾਵੇ ਅਤੇ ਖਵਾਲੇ, ਉਹਨਾਂ ਗੁਰਮੁਖਾਂ ਦਾ ਜਨਮ ਸਫਲ ਹੈ ਜੋ ਗੁਰੂ ਦੀ ਬਾਣੀ ਪੜ੍ਹਕੇ ਸਮਝਕੇ ਸੁਣਾਉਂਦੇ ਵੀ ਹਨ ਗੁਰ ਭਾਈਆਂ ਨੂੰ ਪ੍ਰਸੰਨ ਕਰਦੇ ਹਨ। ਉਹਨਾਂ ਦੇ ਚਰਨ ਧੋ ਕੇ ਅੰਮ੍ਰਿਤ ਮੂੰਹ ਵਿਚ ਲੈ ਕੇ ਪੀਂਦੇ ਹਨ। ਪੈਰੀਂ ਪੈਣਾ ਨਹੀਂ ਛੱਡਣਾ ਕਲਿਜੁਗ ਦੇ ਸਮੇਂ ਨਿਮਰਤਾ ਹੀ ਸੱਚਾ ਰਾਹ ਹੈ। ਗੁਰਸਿੱਖ ਜੋ ਇਸ ਰਸਤੇ ਚੱਲਣਗੇ ਉਹ ਆਪ ਤਰਨਗੇ ਅਤੇ ਹੋਰਾਂ ਨੂੰ ਵੀ ਤਾਰਨਗੇ।

**ਇਸ ਤੇ ਵਿਚਾਰ:** ਅਸਲ ਵਿੱਚ ਮਨੁੱਖਾ ਦੇਹੀ ਸਿਰਫ ਇਸ ਕਰਕੇ ਹੀ ਬਾਕੀ ਸਾਰੇ ਜੀਵਾਂ ਨਾਲੋਂ ਉੱਤਮ ਹੈ ਕਿਉਂਕਿ ਸਿਰਫ ਮਨੁੱਖ ਕੋਲ ਹੀ ਸੋਚਣ, ਵਿਚਾਰ ਕਰਨ, ਕਲਪਨਾ ਕਰਨ, ਚੰਗੇ ਮਾੜੇ ਦਾ ਫੈਸਲਾ ਕਰਨ ਅਤੇ ਦੂਸਰਿਆਂ ਖਾਤਰ ਜਿਊਣ ਦੀ ,ਕੁਝ ਕਰਨ ਦੀ ਸਮਰੱਥਾ ਹੈ। ਉਹ ਆਪਣੇ ਸਰੀਰ ਦੇ ਵੱਖ ਵੱਖ ਅੰਗਾਂ ਨੂੰ ਗੁਰਮਤਿ ਸਿਧਾਂਤਾਂ ਸੇਵਾ, ਪਰਉਪਕਾਰ ਅਤੇ ਭਗਤੀ ਵਿੱਚ ਲਗਾ ਕੇ ਉਹਨਾਂ ਤੋਂ ਖੂਬ ਲਾਹਾ ਲੈ ਸਕਦਾ ਹੈ। ਅਤੇ ਭਾਸ਼ਾ ਦੇ ਵਿਕਾਸ ਰਾਹੀਂ ਉਹ ਆਪਣੀ ਚੇਤਨਾ ਦੇ ਜਰੀਏ ਆਪਣੇ ਮਨੋਰਥ ਨੂੰ ਆਪਣੇ ਮੂਲ ਨੂੰ ਪਹਿਚਾਣ ਸਕਦਾ ਹੈ ਅਤੇ ਉਸ ਅਗੰਮੀ ਪ੍ਰਭੂ ਦਾ ਸਿਮਰਨ ਕਰਕੇ ਆਪ ਵੀ ਤਰ ਸਕਦਾ ਹੈ ਅਤੇ ਹੋਰਨਾਂ ਨੂੰ ਵੀ ਇਸ ਪਾਸੇ ਲਗਾ ਕੇ ਤਾਰ ਸਕਦਾ ਹੈ।



ਚੌਰਾਸੀ ਲੱਖ ਜੂਨਾਂ ਹੋਰ ਧਰਮਾਂ ਅਤੇ ਮੱਤਾਂ ਨੇ ਬਿਆਨ ਕੀਤੀਆਂ ਹਨ। ਕਿਸੇ ਨੇ ਬਿਆਲੀ ਲੱਖ ਪਾਣੀ ਵਿੱਚ ਅਤੇ ਬਿਆਲੀ ਲੱਖ ਥਲ ਵਿੱਚ ਦੱਸੀਆਂ ਹਨ, ਕਿਸੇ ਹੋਰ ਨੇ ਚਾਰੇ ਖਾਣੀਆਂ ਵਿੱਚ 21 ਲੱਖ ਹਰੇਕ ਵਿੱਚ ਮੰਨੀਆਂ। ਭਾਈ ਕਾਹਨ ਸਿੰਘ ਨਾਭਾ ਜੀਂ

ਅਨੁਸਾਰ ਹਿੰਦੂ ਧਰਮ ਵਿਚ ਇਹ ਵੰਡ ਇਸਤਰਾਂ ਹੈ- ਜਲ ਵਾਸੀ 9 ਲੱਖ, ਉੱਡਣ ਵਾਲੇ ਪੰਛੀ 10 ਲੱਖ, ਇਸਥਿਤ ਰਹਿਣ ਵਾਲੇ ਬਿਰਛ ਆਦਿ 20 ਲੱਖ, ਪੇਟ ਬਲ ਚੱਲਣ ਵਾਲੇ 11 ਲੱਖ, ਚੌਪਾਏ ਪਸ਼ੂ 30 ਲੱਖ, ਮਨੁੱਖ ਜਾਤੀ (ਬਾਂਦਰ/ਬਨਮਾਨਸ ਸਮੇਤ) 4 ਲੱਖ। ਜੈਨ ਮੱਤ ਦਾ ਇਹ ਵਰਗੀਕਰਣ ਹੋਰ ਵੀ ਲੰਮਾ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬਾਣੀਕਾਰਾਂ ਨੇ (ਅਤੇ ਉਸੇ ਅੰਦਾਜ ਵਿੱਚ ਭਾਈ ਗੁਰਦਾਸ ਜੀ ਨੇ ਵੀ) ਹੋਰ ਮੱਤਾਂ ਦੇ ਇਹਨਾਂ ਵਿਸ਼ਵਾਸਾਂ ਅਤੇ ਮਨੌਤਾਂ ਦਾ ਜਿਕਰ ਜਰੂਰ ਕੀਤਾ ਹੈ, ਪਰ ਉਸਨੂੰ ਗੁਰਮਤਿ ਸਿਧਾਂਤ ਸਮਝ ਲੈਣਾ ਜਾਇਜ਼ ਨਹੀਂ ਹੈ।

ਵਿਗਿਆਨ ਅਨੁਸਾਰ ਕੁੱਲ 8.7 ਮਿਲਿਅਨ ਯਾਨੀ 87 ਲੱਖ ਜਾਤੀਆਂ ਹਨ। ਇਹਨਾਂ ਵਿਚੋਂ 65 ਲੱਖ ਸੁੱਕੀ ਧਰਤੀ ਤੇ ਅਤੇ 22 ਲੱਖ ਪਾਣੀ ਵਿੱਚ ਹੋਣ ਦਾ ਅਨੁਮਾਨ ਹੈ। ਪਰ ਵਿਗਿਆਨ ਦੀ ਇਹ ਗਿਣਤੀ ਵੀ ਸਿਰਫ ਇੱਕ ਅੰਦਾਜਾ ਹੈ, ਪੱਕੀ ਨਿਸ਼ਚਿਤ ਨਹੀਂ ਹੈ। ਅਜੇ ਤੱਕ ਵਿਗਿਆਨ 20 ਲੱਖ ਦੇ ਕਰੀਬ ਜਾਤੀਆਂ ਬਿਆਨ ਕਰ ਸਕੀ ਹੈ। ਵਿਗਿਆਨ ਅਨੁਸਾਰ ਇਹ ਗਿਣਤੀ ਵਧਦੀ ਘਟਦੀ ਰਹਿੰਦੀ ਹੈ। ਜੀਵ ਵਿਕਾਸ ਥਿਊਰੀ ਵੀ ਕਈ ਜਾਤੀਆਂ ਦੇ ਲੁਪਤ ਹੋਣ ਦੀ ਗੱਲ ਵੀ ਕਰਦੀ ਹੈ। ਭੌਤਿਕ ਅਤੇ ਵਤਾਵਰਣਿਕ ਹਾਲਾਤਾਂ ਅਨੁਸਾਰ ਨਵੀਆਂ ਜਾਤੀਆਂ ਪੈਦਾ ਵੀ ਹੋ ਸਕਦੀਆਂ ਹਨ।

## ਗੁਰਮਤਿ ਦਾ ਦ੍ਰਿਸ਼ਟੀਕੋਣ

ਗੁਰੂ ਨਾਨਕ ਜੀ ਨੇ ਤਾਂ "ਅਸੰਖ ਕਹਹਿ ਸਿਰਿ ਭਾਰਿ ਹੋਇ" ਆਖ ਕੇ ਗੱਲ ਹੀ ਨਿਬੇੜ ਦਿੱਤੀ ਸੀ। ਫੇਰ ਵੀ ਅਸੀਂ ਕੁਝ ਹੋਰ ਹਵਾਲੇ ਦੇਖਣੇ ਚਾਹਾਂਗੇ-

***ਅਨਿਕ ਜੋਨਿ ਜਨਮੈ ਮਰਿ ਜਾਮਿ॥ ਨਾਮੁ ਜਪਤ ਪਾਵੈ ਬਿਸ੍ਰਾਮ॥ (ਪੰਨਾ ੨੬੪)**

ਆਸਾ ਦੀ ਵਾਰ ਵਿਚ ਸਪਸ਼ਟ ਕਹਿ ਦਿੱਤਾ ਕਿ ਇਹ ਗਿਣਤੀ ਮਿਣਤੀ ਓਹੀ ਆਪ ਹੀ ਜਾਣਦਾ ਹੈ ਜਿਸਨੇ ਸ੍ਰਿਸ਼ਟੀ ਪੈਦਾ ਕੀਤੀ ਹੈ-

***ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥ ਸੋ ਮਿਤਿ ਜਾਣੈ ਨਾਨਕਾ ਸੰਮਾਲੇ ਸਭਨਾਹ॥ (ਪੰਨਾ ੪੬੭)**

ਇਸੇ ਤਰਾਂ ਕਈ ਕੋਟਿ ਵਾਲੀ ਅਸ਼ਟਪਦੀ ਦੇਖੀ ਜਾ ਸਕਦੀ ਹੈ। ਯਾਦ ਰਹੇ ਗੁਰੂ ਸਾਹਿਬ ਖਾਣੀਆਂ ਵੀ ਚਾਰ ਹੀ ਨਹੀਂ ਮੰਨਦੇ। ਕੇਤੀਆ ਖਾਣੀ ਕੇਤੀਆ ਬਾਣੀ ਆਖ ਕੇ ਅਨੰਤਤਾ ਨੂੰ ਪ੍ਰਗਟਾਉਂਦੇ ਹਨ। ਗੁਰਮਤਿ ਬਹੁਤ ਸਪਸ਼ਟ ਹੈ ਕਿ ਜਿਵੇਂ ਕਰਤੇ ਦਾ ਭੇਦ ਨਹੀਂ ਪਾਇਆ ਜਾ ਸਕਦਾ, ਉਸੇ ਤਰਾਂ ਉਸਦੀ ਸਾਜੀ ਕਿਰਤ ਯਾਨੀ ਕੁਦਰਤ ਦਾ ਵੀ ਭੇਦ ਨਹੀਂ ਪਾਇਆ ਜਾ ਸਕਦਾ। ਕੁਦਰਤ ਦਾ ਪਸਾਰਾ ਵੀ ਕਰਤੇ ਵਾਂਗ ਹੀ ਅਨੰਤ ਹੈ।

ਉਪਰੋਕਤ ਪਉੜੀ ਨਾਲ ਸੰਬੰਧਿਤ ਹੋਰ ਗੁਰਬਾਣੀ ਫੁਰਮਾਨ:

ਭਾਈ ਗੁਰਦਾਸ ਜੀ ਨੇ ਗੁਰਮਤਿ ਦੀ ਵਿਆਖਿਆ ਹੀ ਕੀਤੀ ਹੈ, ਅਤੇ ਉਹਨਾਂ ਦੇ ਗਿਆਨ ਦਾ ਆਧਾਰ ਗੁਰਬਾਣੀ ਹੀ ਸੀ। ਅਸੀਂ ਦੇਖਦੇ ਹਾਂ ਕਿ ਉੱਪਰ ਵਰਣਨ ਕੀਤੀ ਪਉੜੀ ਦੇ ਸਾਰੇ ਸ਼ਬਦ ਗੁਰਬਾਣੀ ਵਿਚ ਆਏ ਹਨ-

***ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥ (ਪੰਨਾ ੧੦੩੪)**

***ਲਖ ਚਉਰਾਸੀਹ ਆਪਿ ਉਪਾਏ॥ ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ॥ (ਪੰਨਾ ੧੦੬੧)**

***ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ। (ਪੰਨਾ ੩੮੨)**

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ। (ਪੰਨਾ ੫੧੭)**

***ਪੈਰੀਂ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ॥ (ਪੰਨਾ ੧੩੮)**

***ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)**

***ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ॥ ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ॥ (ਪੰਨਾ ੮੪੪)**

***ਜੋ ਦੀਸੈ ਗੁਰਸਿਖੜਾ ਤਿਸੁ ਨਿਵ ਨਿਵ ਲਾਗਾ ਪਾਇ ਜੀਉ॥ (ਪੰਨਾ ੭੬੩)**


***ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ। (ਪੰਨਾ ੧੨੫)**

***ਆਪਿ ਤਰੈ ਸੰਗਤਿ ਕੁਲ ਤਾਰੈ॥ (ਪੰਨਾ ੩੫੩)**

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਭਾਈ ਗੁਰਦਾਸ ਜੀ ਨੇ ਇਸ ਪਉੜੀ ਵਿੱਚ ਵੀ ਗੁਰਮਤਿ ਸਿਧਾਂਤ ਹੀ ਦ੍ਰਿੜ੍ਹ ਕਰਵਾਇਆ ਹੈ। ਸਾਰੀਆਂ ਜਾਤੀਆਂ ਵਿਚੋਂ ਮਨੁੱਖ ਇਸ ਕਰਕੇ ਉੱਤਮ ਹੈ ਕਿਉਂਕਿ ਉਹ ਆਪਣੇ ਸਰੀਰ ਦੇ ਵੱਖ ਵੱਖ ਅੰਗਾਂ ਨੂੰ ਗੁਰੂ ਪ੍ਰੀਤ ਲਈ ਵਰਤ ਸਕਦਾ ਹੈ। ਪੈਰਾਂ ਨਾਲ ਚੱਲ ਕੇ ਸਤਿਸੰਗਿ ਵਿਚ ਜਾ ਸਕਦਾ ਹੈ, ਹੱਥਾਂ ਨਾਲ ਧਰਮ ਦੀ ਕਿਰਤ ਕਰ ਸਕਦਾ ਹੈ, ਇਸੇ ਤਰਾਂ ਅੱਖਾਂ, ਕੰਨ, ਜੀਭ ਆਦਿ ਸਭ ਚੰਗਾ ਦੇਖਣ, ਗੁਰੂ ਸ਼ਬਦ ਸੁਣਨ, ਬੋਲਣ ਵਿੱਚ ਲਗਾ ਕੇ ਆਪਣਾ ਜਨਮ ਸਫਲ ਕਰ ਸਕਦਾ ਹੈ। ਸ਼ਬਦ ਨਾਲ ਜੁੜੇ ਹੋਰ ਗੁਰਸਿੱਖਾਂ ਦਾ ਪੂਰਨ ਸਤਿਕਾਰ ਕਰਦਾ ਹੈ- ਚਰਣ ਅੰਮ੍ਰਿਤ ਲੈਣਾ ਅਤੇ ਪੈਰੀਂ ਪੈਣਾ ਦੋਵੇਂ ਸਤਿਕਾਰ ਦੇ ਪ੍ਰਤੀਕ ਹਨ। ਅਜਿਹੇ ਸਿੱਖ ਆਪ ਵੀ ਤਰਦੇ ਹਨ ਅਤੇ ਹੋਰਾਂ ਨੂੰ ਵੀ ਤਾਰਨ ਦੇ ਯੋਗ ਹੁੰਦੇ ਹਨ। ਪਰ ਤਾਰਨ ਦਾ ਭਾਵ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਨਾਮ ਜਪਣ ਵਾਲੇ ਹੋਰਾਂ ਨੂੰ ਵੀ ਨਾਮ ਜਪਣ ਲਈ ਅਤੇ ਗੁਰਮਤਿ ਵਿਵਹਾਰ ਦੀ ਪ੍ਰੇਰਨਾ ਕਰਦੇ ਹਨ। ਇਸ ਪ੍ਰੇਰਨਾ ਅਧੀਨ ਉਹ ਵੀ ਸਿਮਰਨ ਕਰਦੇ ਹਨ ਅਤੇ ਸ਼ੁਭ ਕੰਮ ਕਰਦੇ ਹਨ। ਇਸ ਤਰਾਂ ਉਹ ਵੀ ਆਪਣਾ ਜੀਵਨ ਸਫਲ ਕਰ ਲੈਂਦੇ ਹਨ।

# ਕੈਲੀ ਗਰਾਫੀ

ਮਨਿੰਦਰ ਕੌਰ (ਕੈਲਗਰੀ, ਕੈਨੇਡਾ)



# ਸਿੱਖ ਰਾਜ ਦਾ ਆਖਰੀ ਮਹਾਰਾਜਾ:- ਦਲੀਪ ਸਿੰਘ

ਡਾ ਮਿਲਖਾ ਸਿੰਘ ਔਲਖ, ਡਾ ਕਾਬਲ ਸਿੰਘ ਗਿੱਲ



## ਭੂਮਿਕਾ

ਮਹਾਰਾਜਾ ਰਣਜੀਤ ਸਿੰਘ ਦਾ ਰਾਣੀ ਜਿੰਦਾਂ, ਜਿਸ ਦਾ ਪਿਓ ਮੱਨਾਂ ਸਿੰਘ ਔਲਖ ਸਿੱਖ-ਰਾਜ ਵਿਚ ਅਧਿਕਾਰੀ ਸੀ, ਨਾਲ ਵਿਆਹ 1835 ਵਿਚ ਹੋਇਆ ਸੀ। ਕੰਵਰ ਦਲੀਪ ਸਿੰਘ ਦਾ ਜਨਮ 6 ਸਤੰਬਰ 1938 ਨੂੰ ਰਾਣੀ ਜਿੰਦਾਂ ਦੀ ਕੁਖੋਂ ਹੋਇਆ। ਉਸ ਤੋਂ ਤਕਰੀਬਨ 1 ਸਾਲ 9 ਮਹੀਨੇ ਬਾਅਦ 27 ਜੂਨ 1839 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ।

ਉਸ ਤੋਂ ਉਪਰੰਤ ਸਿੱਖ-ਰਾਜ ਵਿਚ ਵੱਖ-ਵੱਖ ਰਿਆਸਤਾਂ ਤੇ ਇਲਾਕਿਆਂ ਦੇ ਮੁੱਖ ਵਜੀਰਾਂ, ਗਵਰਨਰਾਂ, ਸਰਦਾਰਾਂ, ਅਧਿਕਾਰੀਆਂ ਅਤੇ ਫੌਜ ਦੇ ਕਮਾਂਡਰਾਂ ਵਿਚ ਫੁਟਾਂ ਪੈ ਗਈਆਂ ਤੇ ਬੇਭਰੋਸਗੀ ਵੱਧ ਗਈ। ਕੁਝ ਸਿੱਖ ਰਾਜ ਨਾਲ ਗੱਦਾਰੀ ਤੇ ਧੋਖਾ ਕਰਕੇ ਰਾਜ ਹਥਿਅਉਣ ਲਈ ਚਾਲਾਂ ਚੱਲਣ ਲੱਗੇ।

ਇਸ ਸੰਕਟ ਦੇ ਸਮੇ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਪੁੱਤਰ ਖੜਕ ਸਿੰਘ ਸੰਨ 1839 ਵਿਚ ਤਖਤ ਤੇ ਬੈਠਾ, ਜੋ ਮਹਾਰਾਣੀ ਦਾਤਾਰ ਕੌਰ (ਜਿਸ ਦਾ ਪੇਕਿਆਂ ਦਾ ਨਾਂ ਬੀਬੀ ਰਾਜ ਕੌਰ ਅਤੇ ਜੋ ਨਾਕਾਈ ਮਿਸਲ ਚੋਂ ਸੀ) ਦੀ ਕੁਖੋਂ ਪੈਦਾ ਹੋਇਆ ਸੀ। ਤਕਰੀਬਨ ਇਕ ਸਾਲ ਬਾਅਦ ਨਵੰਬਰ 1840 ਵਿਚ ਉਸ ਦੀ ਅਤੇ ਉਸ ਦੇ ਪੁੱਤਰ, ਕੰਵਰ ਨੌਨਿਹਾਲ ਸਿੰਘ ਦੀ ਮੌਤ ਹੋ ਗਈ। ਫਿਰ ਕੰਵਰ ਨੌਨਿਹਾਲ ਸਿੰਘ ਦੀ ਮਾਂ, ਮਹਾਰਾਣੀ ਚੰਦ ਕੌਰ ਨੇ ਬਤੌਰ ਰੀਜੈਂਟ ਸਿੱਖ ਰਾਜ ਚਲਾਇਆ। ਪਰ ਜਲਦੀ ਹੀ ਉਹਨੂੰ ਮਾਰ ਦਿੱਤਾ ਗਿਆ।

ਉਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਦੂਸਰਾ ਪੁੱਤਰ, ਕੰਵਰ ਸ਼ੇਰ ਸਿੰਘ, ਜੋ ਰਾਣੀ ਮਹਿਤਾਬ ਕੌਰ ਦੀ ਕੁਖੋਂ ਪੈਦਾ ਹੋਇਆ ਸੀ, ਤਖਤ ਤੇ ਬੈਠਾ। ਉਸਨੂੰ ਅਤੇ ਉਸਦੇ ਪੁੱਤਰ ਪਰਤਾਪ ਸਿੰਘ ਨੂੰ ਵੀ 15 ਸਤੰਬਰ 1843 ਨੂੰ ਮਾਰ ਦਿਤਾ ਗਿਆ। ਇਸ ਤਰਾਂ 4 ਸਾਲਾਂ ਵਿਚ ਹੀ ਸਿੱਖ ਰਾਜ ਦੇ ਕਈ ਉਤਰਾਧਿਕਾਰੀਆਂ ਦੀ ਮੌਤ ਹੋ ਗਈ ਜਾਂ ਉਨ੍ਹਾਂ ਨੂੰ ਕਤਲ ਕਰ ਦਿੱਤਾ ਗਿਆ।

ਬੇਭਰੋਸਗੀ ਤੇ ਜਾਨੀ-ਖਤਰਿਆਂ ਦੇ ਸਮੇਂ ਨੂੰ ਵੇਖਦਿਆਂ ਹੋਇਆਂ, ਰਾਣੀ ਜਿੰਦਾਂ ਆਪਣੇ

ਇਕਲੌਤੇ ਪੁੱਤਰ ਦਲੀਪ ਸਿੰਘ ਨਾਲ ਜੰਮੂ ਚਲੀ ਗਈ। ਉਥੇ ਉਹ ਰਾਜਾ ਗੁਲਾਬ ਸਿੰਘ ਤੇ ਧਿਆਨ ਸਿੰਘ ਡੋਗਰਾ ਭਰਾਵਾਂ ਦੀ ਸੁਰਖਿਆ ਹੇਠਾਂ ਤਕਰੀਬਨ 3 ਸਾਲ ਰਹੇ।

## ਸਿੱਖ-ਰਾਜ ਦਾ ਤਖਤ ਸੰਭਾਲਣਾਂ

ਮਹਾਰਾਜਾ ਸ਼ੇਰ ਸਿੰਘ ਦੇ ਕਤਲ ਤੋਂ ਅਗਲੇ ਦਿਨ ਰਾਣੀ ਜਿੰਦਾਂ ਤੇ ਕੰਵਰ ਦਲੀਪ ਸਿੰਘ ਨੂੰ ਜੰਮੂ ਤੋਂ ਲਾਹੌਰ ਬੁਲਾ ਕੇ, 16 ਸਤੰਬਰ 1843 ਨੂੰ, 5 ਸਾਲ ਦੀ ਉਮਰ ਵਿੱਚ ਕੰਵਰ ਦਲੀਪ ਸਿੰਘ ਨੂੰ ਸਿੱਖ-ਰਾਜ ਦੇ ਤਖਤ ਤੇ ਬਿਠਾ ਦਿੱਤਾ ਗਿਆ। ਮਹਾਰਾਣੀ ਜਿੰਦਾਂ ਰੀਜੈਂਟ ਬਣ ਕੇ ਮਹਾਰਾਜਾ ਦਲੀਪ ਸਿੰਘ ਵਲੋਂ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਰਾਜ ਚਲਾਉਂਣ ਲੱਗੀ। ਪਰ ਗੱਦਾਰਾ ਵਲੋਂ ਲਗਾਤਾਰ ਧੋਖਿਆਂ ਕਾਰਨ ਰਾਜ ਜਿਆਦਾ ਚਿਰ ਚੱਲ ਨ ਸਕਿਆ।

ਸਿੱਖ-ਰਾਜ ਤੇ ਅੰਗਰਜ-ਰਾਜ ਵਿਚ ਪਹਿਲੀ ਐਂਗਲੋ-ਸਿੱਖ ਜੰਗ ਦੀਆਂ 18 ਦਸੰਬਰ 1845 ਤੋਂ 10 ਫਰਵਰੀ 1846 ਤੱਕ ਲੜਾਈਆਂ ਵਿਚ ਸਿੱਖ ਫੌਜਾਂ ਦੀ ਲੜੀਵਾਰ ਹਾਰ ਹੋਈ। ਸਭਰਾਉਂ ਵਿਚ 10 ਫਰਵਰੀ ਦੀ ਆਖਰੀ ਲੜਾਈ ਤੋਂ ਬਾਅਦ ਅੰਗਰੇਜਾਂ ਦੀ 'ਈਸਟ ਇੰਡੀਆ ਕੰਪਨੀ' ਨੇ ਮਹਾਰਾਜਾ ਦਲੀਪ ਸਿੰਘ ਨੂੰ ਨਾਮਾਤਰ ਸ਼ਾਸ਼ਕ ਬਣਾ ਦਿੱਤਾ। ਮਹਾਰਾਣੀ ਜਿੰਦਾਂ ਦੀ ਥਾਂ ਇਕ 'ਕੌਂਸਲ ਔਫ ਰੀਜੈਂਸੀ' ਬਣਾ ਦਿੱਤੀ, ਅਤੇ ਬਾਅਦ ਵਿਚ ਉਸ ਨੂੰ ਕੈਦ ਕਰਕੇ ਪੱਜਾਬ ਦੇਸ਼ ਤੋਂ ਦੂਰ ਲੈ ਗਏ।

ਮਹਾਰਾਜਾ ਸ਼ੇਰ ਸਿੰਘ ਦੀ ਪਤਨੀ ਮਹਾਰਾਣੀ ਦੱਖਣੋਂ ਤੇ ਉਸਦੇ ਛੋਟੇ ਪੁੱਤਰ ਕੰਵਰ ਸ਼ਿਵਦੇਵ ਸਿੰਘ ਨੂੰ ਵੀ ਕੈਦੀ ਬਣਾ ਲਿਆ ਗਿਆ।

## ਸਿੱਖ-ਰਾਜ ਦੀ ਗੱਦੀਓ ਲਾਹੁਣਾ ਤੇ ਦੇਸ਼ ਨਿਕਾਲਾ ਦੇਣਾ

ਦੂਜੀ ਐਂਗਲੋ-ਸਿੱਖ ਜੰਗ ਜਿੱਤਣ ਤੋਂ ਬਾਅਦ, 29 ਮਾਰਚ 1849 ਨੂੰ ਅੰਗਰੇਜ ਸਰਕਾਰ ਵਲੋਂ ਦਰਬਾਰ ਲਾਹੌਰ ਵਿਚ ਐਲਾਨ ਕੀਤਾ ਗਿਆ ਕਿ ਸਿੱਖ-ਰਾਜ ਪੂਰੀ ਤਰਾਂ ਖਤਮ ਹੋ ਗਿਆ ਹੈ। ਮਹਾਰਾਜਾ ਦਲੀਪ ਸਿੰਘ ਨੂੰ ਗੱਦੀਓਂ ਲਾਹ ਦਿੱਤਾ ਗਿਆ, ਉਸ ਨੂੰ ਬੰਦੀ ਬਣਾ ਲਿਆ ਗਿਆ, ਅਤੇ ਉਸ ਤੋਂ ਕੋਹ-ਏ-ਨੂਰ ਹੀਰਾ ਲੈ ਲਿਆ। ਉਸ ਦੀ ਦੇਖ-ਭਾਲ ਲਈ ਮਹਾਰਾਣੀ ਦੱਖਣੋਂ ਨੂੰ ਨਾਲ ਰਖਿਆ ਗਿਆ। ਸਿੱਖ-ਰਾਜ ਦੇ ਸਿੱਕੇ ਖਤਮ ਕਰਕੇ ਆਪਣੇ ਸਿਕੇ (ਰੁਪੱਈਆ ਆਦਿ) ਚਲਾ ਦਿੱਤੇ।

ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਦੇਸ਼ ਚੋਂ ਬਾਹਰ ਕੱਢਣ ਦੀ ਯੋਜਨਾ ਹੇਠ 21 ਦਸੰਬਰ 1849 ਨੂੰ ਉਸ ਨੂੰ ਮਹਾਰਾਣੀ ਦੱਖਣੋਂ ਤੇ ਉਸਦੇ ਪੁੱਤਰ ਸ਼ਿਵਦੇਵ ਸਿੰਘ ਸਮੇਤ ਅੰਗਰੇਜੀ ਫੌਜ ਦੇ ਹਵਾਲੇ ਕਰ ਦਿੱਤਾ। ਪੰਜਾਬ ਦੇ ਲੋਕ ਕਿਤੇ ਭੜਕ ਨ ਜਾਣ, ਇਸ ਫੌਜੀ ਕਾਫਲੇ ਨੇਂ ਛੋਟੀਆਂ ਸੜਕਾਂ ਵਰਤ ਕੇ ਪਿੰਡਾਂ ਰਾਹੀਂ ਸਫਰ ਕੀਤਾ। ਇਹ ਕਾਫਲਾ ਲਾਹੌਰ ਤੋਂ ਕਾਹਨਾ-ਕਾਛਾ, ਫਿਰੋਜਪੁਰ, ਮੁੱਦਕੀ, ਬਾਘਾ-ਪੁਰਾਣਾ, ਮਾਣੂਕੇ ਹੁੰਦਾ ਹੋਇਆ 31 ਦਸੰਬਰ 1849 ਨੂੰ ਕੋਠੀ (ਸਰਕਾਰੀ ਵਿਸ਼ਰਾਮ ਘਰ) ਬੱਸੀਆਂ (ਰਾਏਕੋਟ ਨੇੜੇ, ਜ਼ਿੱਲ੍ਹਾ ਲੁਧਿਆਣਾ) ਪੁੱਜਾ। ਇਥੇ ਅੰਗਰੇਜ ਫੌਜੀਆਂ ਤੇ ਅਧਿਕਾਰੀਆਂ ਨੇ ਨਵੇਂ-ਸਾਲ ਦੇ ਜਸ਼ਨ ਮਨਾਏ।

ਦੂਸਰੇ ਪਾਸੇ, 31 ਦਸੰਬਰ 1849 ਦੀ ਰਾਤ ਸਿੱਖ-ਰਾਜ ਦੇ ਆਖਰੀ ਮਹਾਰਾਜੇ ਦੀ ਪੰਜਾਬ ਵਿਚ ਆਖਰੀ ਰਾਤ ਸੀ। ਅਗਲੇ ਦਿਨ, 01 ਜਨਵਰੀ 1850 ਤੋਂ ਇਹ ਕਾਫਲਾ ਮਲੇਰਕੋਟਲਾ, ਪਟਿਆਲਾ, ਅੰਬਾਲਾ, ਮੇਰਠ ਰਾਹੀਂ ਫਤਿਹਪੁਰ (ਉੱਤਰ ਪ੍ਰਦੇਸ਼) ਪਹੁੰਚਿਆ। ਉਥੇ ਇਕ ਕਿਲ੍ਹੇ ਵਿਚ ਮਹਾਰਾਜਾ ਦਲੀਪ ਸਿੰਘ ਤੇ ਸਾਥੀਆਂ ਨੂੰ ਲੱਗਭੱਗ 3 ਸਾਲ ਰੱਖਿਆ ਗਿਆ, ਜਿਥੇ ਉਨ੍ਹਾਂ ਨੂੰ ਕੋਈ ਮਿਲ ਨਹੀ ਸੀ ਸਕਦਾ।

## ਸਿੱਖ ਤੋਂ ਕ੍ਰਿਸ਼ਚੀਅਨ ਬਣਨਾਂ

ਫਤਿਹਪੁਰ ਵਿਚ ਦਲੀਪ ਸਿੰਘ ਦੀ ਸਰਪ੍ਰਸਤੀ ਤੇ ਪ੍ਰਸ਼ਾਸ਼ਕ ਦੇਖ ਭਾਲ ਦੀ ਜੁਮੇਵਾਰੀ ਡਾ. ਜੌਹਨ ਲੋਗਿਨ ਤੇ ਉਸ ਦੀ ਪਤਨੀ ਲੀਨਾ ਲੋਗਿਨ ਨੂੰ ਦਿੱਤੀ ਗਈ। ਈਸਟ ਇੰਡੀਆਂ ਕੰਪਨੀ ਦੀ ਨੀਤੀ ਅਨੁਸਾਰ, ਉਨ੍ਹਾਂ ਨੇ ਹਰ ਸੰਭਵ

ਅੰਗਰੇਜੀ ਸਭਿਆਚਾਰਕ ਪਹਿਲੂ (ਭਾਸ਼ਾਂ, ਪਹਿਰਾਵਾ, ਖਾਣਾ, ਪੀਣਾ, ਰੀਤਾਂ, ਆਦਿ) ਸਿਖਾਏ। ਉਸਦੀ ਦਸਤਾਰ ਉਤਾਰ ਦਿੱਤੀ ਤੇ ਵਾਲ ਕਟਵਾ ਦਿਤੇ।

ਕਥਿਤ ਤੌਰ ਤੇ ਦਲੀਪ ਸਿੰਘ ਦੀ ਸਿਹਤ ਮਾੜੀ ਸੀ, ਤੇ ਉਸ ਨੂੰ ਹਫਤਿਆਂ ਲਈ ਮਸੂਰੀ ਦੇ ਨੇੜੇ ਲੈਂਡੋਰ ਨਾਮਕ ਪਹਾੜੀ ਸਟੇਸ਼ਨ ਤੇ 'ਕੈਸਲ ਹਿਲ' ਇਮਾਰਤ ਵਿਚ ਰੱਖਿਆ ਜਾਂਦਾ ਸੀ।

ਸੰਨ 1853 ਵਿਚ ਉਸ ਨੂੰ ਕ੍ਰਿਸ਼ਚੀਅਨ ਬਣਾ ਦਿੱਤਾ ਗਿਆ।

## ਇੰਗਲੈਂਡ ਭੇਜਣਾ

ਸੰਨ 1853 ਵਿਚ ਦਲੀਪ ਸਿੰਘ ਤੇ ਉਸਦੇ ਮਸੇਰੇ ਭਰਾ ਕੰਵਰ ਸ਼ਿਵਦੇਵ ਸਿੰਘ ਨੂੰ ਇੰਗਲੈਂਡ ਭੇਜ ਦਿਤਾ ਗਿਆ। ਉਥੇ ਮਹਾਰਾਣੀ ਵਿਕਟੋਰੀਆ ਨੇ ਦਲੀਪ ਸਿੰਘ ਨੂੰ ਧਰਮ ਦਾ ਪੋਤਰਾ ਬਣਾ ਕੇ ਬੜੇ ਪਿਆਰ ਨਾਲ ਰੱਖਿਆ। ਮਹਾਰਾਣੀ ਨੂੰ ਉਸਦੀਆਂ ਅੱਖਾਂ ਤੇ ਦੰਦ ਬਹੁਤ ਸੁੰਦਰ ਲਗਦੇ ਸਨ।

## ਸਿੱਖ-ਰਾਜ ਵਾਪਸ ਲੈਣ ਲਈ ਜਾਗੀ ਇੱਛਾ ਤੇ ਕੋਸ਼ਿਸ਼ਾਂ

ਅੰਗਰੇਜਾਂ ਦੀਆਂ ਜੇਲਾਂ ਵਿਚ ਧੱਕੇ ਖਾਂਦੀ ਤੇ ਆਪਣੇ ਪੁੱਤਰ ਦੇ ਵਿਛੋੜੇ ਵਿਚ ਰੋਂਦੀ ਮਹਾਰਾਣੀ ਜਿੰਦਾਂ ਬਹੁਤ ਕਮਜੋਰ ਤੇ ਅੰਨੀ ਹੋ ਗਈ। ਮਹਾਰਾਜਾ ਦਲੀਪ ਸਿੰਘ ਨੂੰ 16 ਜਨਵਰੀ 1861 ਨੂੰ ਉਸਦੀ ਮਾਂ ਨੂੰ ਮਿਲਾਉਣ ਲਈ ਕਲਕੱਤੇ ਲਿਆਂਦਾ ਗਿਆ। ਕੁਝ ਇਤਹਾਸਕਾਰਾਂ ਅਨੁਸਾਰ ਉਹ ਆਪਣੀਂ ਮਾਂ ਨੂੰ ਇੰਗਲੈਂਡ ਲਿਆਉਣ ਵਿਚ ਸਫਲ ਹੋ ਗਿਆ। ਪਰ ਕੁਝ ਇਤਹਾਸਕਾਰਾਂ ਅਨੁਸਾਰ ਪੁੱਤਰ ਨਾਲ ਮਿਲਣੀ ਤੋਂ ਬਾਅਦ ਮਹਾਰਾਣੀ ਜਿੰਦਾਂ ਕਲਕੱਤੇ ਤੋਂ ਨਿਪਾਲ ਚਲੀ ਗਈ ਤੇ ਫਿਰ ਮਹਾਰਾਜਾ ਦਲੀਪ ਸਿੰਘ ਕੋਲ ਪਹੁੰਚ ਗਈ। ਉਥੇ ਓਸਨੇ ਆਪਣੇ ਪੁੱਤਰ ਨੂੰ ਉਸਦੀ ਸਿੱਖ ਵਿਰਾਸਤ ਤੇ ਕਦੇ ਮਹਾਰਾਜਾ ਹੋਣ ਬਾਰੇ ਦਸਿਆ। ਉਸ ਦੀ ਪ੍ਰੇਰਨਾ ਕਾਰਨ ਮਹਾਰਾਜਾ ਦਲੀਪ ਸਿੰਘ ਦੇ ਅੰਦਰ ਸਿੱਖ-ਰਾਜ ਵਾਪਸ ਲੈਂਣ ਦੀ ਇੱਛਾ ਜਾਗੀ।

ਸੰਨ 1863 ਵਿਚ ਮਹਾਰਾਣੀ ਜਿੰਦਾਂ ਚਲਾਣਾ ਕਰ ਗਈ। ਮਹਾਰਾਜਾ ਆਪਣੀ ਮਾਂ ਦੇ ਫੁੱਲ ਪਾਉਣ ਭਾਰਤ ਆਇਆ। ਪਰ ਸਰਕਾਰ ਨੇ ਉਸ ਨੂੰ ਪੰਜਾਬ ਨਹੀ ਜਾਣ ਦਿੱਤਾ। ਉਸ ਤੋਂ ਉਪ੍ਰੰਤ ਉਸਨੇ ਇੰਗਲੈਂਡ ਵਿਚ ਮੁੜ ਸਿੱਖ ਬਣਨ ਦਾ ਐਲਾਨ ਕੀਤਾ ਤੇ ਦਸਤਾਰ ਸਜਾ ਲਈ।

ਇੰਗਲੈਂਡ ਦੀ ਅਖਬਾਰ 'ਦੀ ਟਾਈਮਜ਼' ਵਿਚ 8 ਸਤੰਬਰ 1882 ਨੂੰ ਮਹਾਰਾਜਾ ਦਲੀਪ ਸਿੰਘ ਵਲੋਂ ਅੰਗਰੇਜ ਸਰਕਾਰ ਨੂੰ ਲਿਖੀ ਚਿੱਠੀ ਛੱਪੀ ਸੀ, 'ਮੈਂ ਬ੍ਰਿਟਸ਼ ਕੌਮ ਦਾ ਇਕ ਪੁੱਤਰ ਸੀ, ਅਤੇ ਸਰਪ੍ਰਸਤ ਦੀ ਅਸਫਲਤਾ ਦੇ ਨਤੀਜੇ ਵਜੋਂ ਮੈਨੂੰ ਮੇਰੇ ਰਾਜ ਤੋਂ ਵਾਂਝਾ ਕਰਨਾ ਸਰਪ੍ਰਸਤ ਵਲੋਂ ਬੇਇਨਸਾਫੀ ਸੀ।' ਉਸ ਨੇ ਸਿੱਖ ਸਰਦਾਰਾਂ ਤੇ ਭਾਰਤੀ ਰਾਜਕੁਮਾਰਾਂ ਨਾਲ ਪੱਤਰ-ਵਿਹਾਰ ਵੀ ਕੀਤਾ, ਪਰ ਕਿਸੇ ਨੇ ਉਸ ਨੂੰ ਗੰਭੀਰਤਾ ਨਾਲ ਨਹੀਂ ਲਿਆ।

## ਨਿਜੀ ਤੇ ਪ੍ਰਵਾਰਕ ਜੀਵਨ

ਇੰਗਲੈਂਡ ਵਿਚ ਜਿਵੇਂ-ਜਿਵੇਂ ਉਹ ਵੱਡਾ ਹੋਇਆ ਉਸ ਦਾ ਸ਼ਾਹੀ ਘਰਾਨਿਆਂ ਨਾਲ ਮੇਲ-ਜੋਲ ਵੱਧਦਾ ਗਿਆ। ਅੰਗਰੇਜ ਸਰਕਾਰ ਵਲੋਂ ਮਿਲੀਆ ਜਗੀਰਾਂ ਤੇ ਭੱਤਿਆਂ ਸਦਕਾ ਉਸ ਨੇ ਸੰਨ 1863 ਵਿਚ 1700 ਏਕੜ ਦੀ ਐਲਵੈਡਨ ਐਸਟੇਟ ਖਰੀਦ ਲਈ, ਜਿਸ ਵਿਚ ਇਕ ਬਹੁਤ ਵੱਡਾ ਤੇ ਸੋਹਣਾਂ ਮਹਿਲ ਵੀ ਸੀ। ਉਸ ਦੇ ਵਧੀਆ ਰਹਿਣ ਸਹਿਣ ਕਰਕੇ ਉਸ ਨੂੰ ਪਰਥਸ਼ਾਇਰ ਦਾ ਕਾਲਾ ਰਾਜਕੁਮਾਰ (Black Prince of Perthshire) ਉਪਨਾਮ ਦਿੱਤਾ ਗਿਆ ਸੀ।

ਬਚਪੰਨ ਵਿਚ, ਜਦੋਂ ਉਹ ਸਿੱਖ-ਰਾਜ ਦਾ ਮਹਾਰਾਜਾ ਸੀ, ਉਸ ਦੀ ਮੰਗਣੀ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੇ ਪੁਤਰ ਚੱਤਰ ਸਿੰਘ ਦੀ ਬੇਟੀ, ਤੇਜ ਕੌਰ, ਨਾਲ ਹੋਈ ਸੀ। ਪਰ ਬ੍ਰਿਟਿਸ਼ ਸਰਪ੍ਰਸਤੀ ਹੇਠ ਆਉਣ ਉਪ੍ਰੰਤ ਇਸ ਮੰਗਣੀ ਦਾ ਸਨਮਾਨ ਨਹੀਂ ਕੀਤਾ ਗਿਆ।

ਉਸ ਨੇ 9 ਜੂਨ 1864 ਵਿੱਚ ਮਿਸਰ ਦੇ ਸ਼ਹਿਰ ਐਂਲਗਜ਼ੈਡੀਆਂ ਵਿਖੇ ਬੰਬਾ ਮੂਲਰ ਨਾਲ ਵਿਆਹ ਕਰਵਾਇਆ। ਰਾਜਕੁਮਾਰੀ ਬੰਬਾ ਨੇ 6 ਬੱਚਿਆਂ ਨੂੰ ਜਨਮ ਦਿਤਾ ਤੇ 16 ਸਤੰਬਰ 1887 ਨੂੰ ਚਲਾਣਾ ਕਰ ਗਈ।

ਫਿਰ 28 ਅਪ੍ਰੈਲ 1889 ਨੂੰ, ਤਕਰੀਬਨ 54 ਸਾਲ ਦੀ ਉਮਰ ਵਿਚ, ਉਸ ਨੇ ਐਡਾ ਡੱਗਲਸ ਵੇਦਰਵਿਲ ਨਾਲ ਪੈਰਿਸ ਵਿਚ ਦੂਸਰਾ ਵਿਆਹ ਕਰਵਾਇਆ। ਉਨ੍ਹਾਂ ਦੇ ਦੋ ਬੱਚੇ ਪੈਦਾ ਹੋਏ।

ਸਿੱਖ-ਰਾਜ ਦਾ ਆਖਰੀ ਮਹਾਰਾਜਾ 22 ਅਕਤੂਬਰ 1893 ਨੂੰ, ਤਕਰੀਬਨ 58 ਸਾਲ ਦੀ ਉਮਰ ਭੋਗ ਕੇ ਚਲਾਣਾ ਕਰ ਗਿਆ।

### ਯਾਦਗਾਰਾਂ

**ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਕੋਠੀ ਬੱਸੀਆਂ, ਜਿਲ੍ਹਾ ਲੁਧਿਆਣਾ:** ਅੰਗਰੇਜ-ਰਾਜ ਵਲੋਂ ਦੇਸ਼ ਨਿਕਾਲੇ ਦੇ ਸਮੇਂ, ਮਹਾਰਾਜਾ ਨੇ ਪੰਜਾਬ ਵਿਚ ਆਖਰੀ ਰਾਤ ਇਥੇ ਬਿਤਾਈ। ਇਹ 13 ਏਕੜ ਤੇ ਫੈਲੀ ਯਾਦਗਾਰ ਰਾਏਕੋਟ ਤੋਂ ਬੱਸੀਆਂ ਵਾਲੀ ਸੜਕ ਤੇ ਸਥਿਤ ਹੈ। ਇਸ ਵਿਚ ਇਤਿਹਾਸਕ ਇਮਾਰਤਾਂ, ਵਿਰਾਸਤ ਰਸੋਈ, ਅਜਾਇਬ ਘਰ ਤੇ ਖੁਲੇ ਮੈਦਾਨ ਹਨ। ਅਜਾਇਬ ਘਰ ਵਿਚ ਮਹਾਰਾਜਾ ਦੇ ਜੀਵਨ ਸਮੇ ਦੇ ਪਹਿਰਾਵੇ, ਗਹਿਣੇਂ, ਫਰਨੀਚਰ, ਆਦਿ ਅਤੇ ਪੋਰਟਰੇਟ ਹਨ। ਉਸਦੇ ਪੁਰਖਿਆਂ ਦਾ ਪਰਿਵਾਰਕ-ਉਤਰਾਧਿਕਾਰ-ਰੁੱਖ ਤੇ ਸਿੱਖ-ਰਾਜ ਸਬੰਧਤ ਕਹਾਣੀਆਂ ਵੀ ਦਰਸਾਈਆਂ ਹਨ। ਕੋਹ-ਏ-ਨੂਰ ਦੀ ਕਹਾਣੀ ਸਭ ਤੋਂ ਦਿਲਚਸਪ ਹੈ। ਵਿਰਾਸਤ ਰਸੋਈ ਵਿਚ ਤਾਜੇ ਰਵਾਇਤੀ ਪਕਵਾਨ ਵੀ ਉਪਲੱਬਧ ਹਨ।

**ਨੈਸ਼ਨਲ ਮਿਊਜ਼ੀਅਮ, ਸਕਾਟਲੈਂਡ:** ਇਸ ਵਿਚ ਮਹਾਰਾਜਾ ਦੇ ਜੀਵਨ ਤੇ ਵਿਰਾਸਤ ਬਾਰੇ ਪੋਰਟਰੇਟ ਹਨ।

**ਥੈਟਫੋਰਡ, ਇੰਗਲੈਂਡ:** ਇਥੇ ਮਹਾਰਾਜਾ ਦਾ ਆਦਮ-ਕੱਦ, ਕਾਂਸੀ ਦਾ ਬਣਿਆ ਹੋਇਆ ਬੁੱਤ ਹੈ, ਜੋ 1999 ਵਿਚ ਲਾਇਆ ਗਿਆ ਸੀ।

**ਐਲਵੇਡਨ ਚਰਚ, ਇੰਗਲੈਂਡ:** ਇਥੇ ਕਬਰਸਥਾਨ ਵਿਚ ਮਹਾਰਾਜਾ, ਉਸਦੀ ਪਤਨੀ ਬੰਬਾ ਅਤੇ ਪੁੱਤਰ ਐਡਵਰਡ ਦਲੀਪ ਸਿੰਘ ਦੀਆਂ ਮੜ੍ਹੀਆਂ ਹਨ।

**ਸਰੋਤ**: ਇਹ ਲਿਖਤ ਅਤੇ ਤਸਵੀਰਾਂ ਡਾ. ਮਿਲਖਾ ਸਿੰਘ ਔਲਖ ਵਲੋਂ ਡਾ. ਕਿਰਪਾਲ ਸਿੰਘ ਦੀ 1978 ਦੀ ਪੁਸਤਕ, 'ਸ਼ਾਮ ਸਿੰਘ ਅਟਾਰੀਵਾਲਾ', ਖੁਸ਼ਵੰਤ ਸਿੰਘ ਦੀ ਪੁਸਤਕ 'ਏ ਹਿਸਟਰੀ ਔਫ ਸਿੱਖਸ, ਵੌਲੀਅਮ 2: 1839-2004' ਅਤੇ ਹੋਰ ਸਰੋਤਾਂ ਦਾ ਅਧਿਐਨ ਤੇ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਕੋਠੀ ਬੱਸੀਆਂ, ਜਿੱਲ੍ਹਾ ਲੁਧਿਆਣਾ ਦੇ ਨਿਜੀ ਦੌਰੇ ਤੇ ਅਧਾਰਤ ਹਨ।



**ਮਹਾਰਾਜਾ ਦਲੀਪ ਸਿੰਘ ਦਾ ਬੁੱਤ, (ਸਰੋਤ: ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਕੋਠੀ, ਬਸੀਆਂ)**





**ਮਹਾਰਾਜਾ ਦਲੀਪ ਸਿੰਘ ਦਾ ਬੁੱਤ, ਥੈਟਫੋਰਡ, ਇੰਗਲੈਂਡ**

# ਮਹਾਰਾਜਾ ਰਣਜੀਤ ਸਿੰਘ ਦਾ ਨਿਰਪੱਖ ਰਵੱਈਆ ਤੇ ਨਿਆਂ

ਗੁਰਚਰਨ ਕੌਰ ਥਿੰਦ (ਕੈਲਗਰੀ, ਕੈਨੇਡਾ; 403-402-9635)

**"ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾ ਗਿਆ।
ਮੁਲਤਾਨ ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ,
ਕਾਂਗੜਾ, ਕੋਟ ਨਿਵਾ ਗਿਆ।
ਹੋਰ ਦੇਸ ਲਦਾਖ ਚੀਨ ਤੋੜੀ, ਸਿੱਕਾ ਆਪਣੇ
ਨਾਮ ਚਲਾ ਗਿਆ।
ਸ਼ਾਹ ਮੁਹੰਮਦਾ ਪਚਾਸ ਬਰਸਾ, ਅੱਛਾ ਰੱਜ ਕੇ
ਰਾਜ ਕਮਾ ਗਿਆ।"**

ਕਵੀ ਸ਼ਾਹ ਮੁਹੰਮਦ ਦੀਆਂ ਉਪਰੋਕਤ ਸਤਰਾਂ ਇਕੋ ਇੱਕ ਸਿੱਖ ਸਾਸ਼ਕ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੀਆਂ ਸਰਹੱਦਾਂ, ਰਾਜ ਕਾਲ ਤੇ ਰਾਜ ਪ੍ਰਬੰਧ ਨੂੰ ਬਾਖ਼ੂਬੀ ਦਰਸਾ ਦੇਂਦੀਆਂ ਹਨ।

1780 ਵਿੱਚ ਮਾਤਾ ਰਾਜ ਕੌਰ ਦੀ ਕੁਖੋਂ ਪੈਦਾ ਹੋਏ ਬਾਲ ਦਾ ਨਾਂ ਬੁੱਧ ਸਿੰਘ ਸੀ। ਜਦੋਂ ਜੰਗ ਜਿੱਤ ਕੇ ਆਏ ਬਾਪ ਨੇ ਆਪਣੇ ਨੰਨ੍ਹੇ ਪੁੱਤਰ ਨੂੰ ਵੇਖਿਆ ਤਾਂ ਉਸਦਾ ਨਾਂ ਬੁੱਧ ਸਿੰਘ ਦੀ ਥਾਂ ਰਣਜੀਤ ਸਿੰਘ ਰੱਖ ਦਿੱਤਾ। ਛੋਟੀ ਉਮਰੇ ਚੇਚਕ ਦੀ ਬਿਮਾਰੀ ਦਾ ਸ਼ਿਕਾਰ ਹੋ ਉਹ ਖੱਬੀ ਅੱਖ ਨੂੰ ਬੱਜ ਲੁਆ ਬੈਠਾ। ਬਚਪਨ ਵਿੱਚ ਭਾਗੂ ਸਿੰਘ ਦੀ ਧਰਮਸ਼ਾਲਾ ਤੋਂ ਗੁਰਮੁਖੀ ਸਿੱਖਦਾ ਤੇ ਸਾਥੀਆਂ ਨਾਲ ਚਨਾਬ ਦਰਿਆ ਵਿੱਚ ਤਾਰੀਆਂ ਲਾਉਂਦਾ ਰਣਜੀਤ ਸਿੰਘ ਆਪਣੇ ਸਾਥੀਆਂ ਨਾਲੋਂ ਕਿਤੇ ਵੱਧ ਜ਼ਹੀਨ ਤੇ ਫ਼ੁਰਤੀਲਾ ਸੀ। ਦਸ ਸਾਲ ਦੀ ਉਮਰੇ ਹੀ ਬਾਪ ਮਹਾਂ ਸਿੰਘ ਦਾ ਸਾਇਆ ਸਿਰ ਤੋਂ ਉੱਠ ਗਿਆ ਤਾਂ ਉਹ ਸ਼ੁਕਰਚੱਕੀਆ ਮਿੱਸਲ ਦਾ ਸਰਦਾਰ ਥਾਪ ਦਿੱਤਾ ਗਿਆ।

ਤਲਵਾਰਬਾਜ਼ੀ, ਨੇਜ਼ਾਬਾਜ਼ੀ ਤੇ ਘੋੜ ਸੁਆਰੀ ਵਿੱਚ ਨਿਪੁੰਨ ਉਸ ਨੌਜੁਆਨ ਦੀ ਚੁਫ਼ੇਰੇ ਤਲਵਾਰ ਦੇ ਧਨੀ ਤੇ ਬਹਾਦਰ ਜਾਂਬਾਜ਼ ਵਜੋਂ ਕੀਰਤੀ ਫੈਲਣ ਲਗੀ। ਸਾਥੀਆਂ ਨਾਲ ਜੰਗਲ ਵਿੱਚ ਸ਼ਿਕਾਰ ਖੇਡਣ ਗਏ ਪੰਦਰਾਂ ਸਾਲ ਦੇ ਰਣਜੀਤ ਸਿੰਘ ਤੇ ਹਸ਼ਮਤ ਖਾਂ ਚੱਠੇ ਨੇ, ਮਹਾਂ ਸਿੰਘ ਹੱਥੋਂ ਆਪਣੀ ਹਾਰ ਦਾ ਬਦਲਾ ਲੈਣ ਲਈ, ਸ਼ਹਿ ਕੇ ਹਮਲਾ ਕਰ ਦਿੱਤਾ ਤਾਂ ਉਸ ਦੇ ਵਾਰ ਤੋਂ ਫੁਰਤੀ ਨਾਲ ਬੱਚ ਕੇ ਆਪਣੀ ਕਟਾਰ ਦਾ ਅਜਿਹਾ ਵਾਰ ਕੀਤਾ ਕਿ ਉਸ ਨੂੰ ਥਾਏਂ ਢੇਰੀ ਕਰ ਦਿੱਤਾ।

ਉਸ ਨੇਂ ਆਪਣੇ ਜਿਸਮਾਨੀ ਗੁਣਾਂ ਤੇ ਦੁਨਿਆਵੀ ਸੂਝ-ਬੂਝ ਨਾਲ ਖਿੱਲਰੀਆਂ ਪੁੱਲਰੀਆਂ ਮਿਸਲਾਂ ਇਕੱਠੀਆਂ ਕੀਤੀਆਂ ਤੇ ਆਪਣੀ ਸਰਦਾਰੀ ਦਾ ਪਸਾਰ ਕੀਤਾ। 1799 ਦੇ 7 ਜੁਲਾਈ ਦੇ ਦਿਨ ਦੇ ਤੜਕੇ ਇਨ੍ਹਾਂ ਮਿਸਲਾਂ ਦਾ ਸਰਦਾਰ ਰਣਜੀਤ ਸਿੰਘ ਲਹੌਰੀ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੋਇਆ ਅਤੇ ਲਹੌਰ ਸ਼ਹਿਰ ਤੇ ਆਪਣੀ ਜਿੱਤ ਦਾ ਐਲਾਨ ਕਰ ਦਿੱਤਾ। ਸ਼ਹਿਰ ਦੇ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ ਗਏ। ਫ਼ੌਜ ਲਾਹੌਰ ਸ਼ਹਿਰ ਵਿੱਚ ਆ ਵੜੀ। ਲਾਹੌਰ ਤੇ ਕਾਬਜ਼ ਭੰਗੀ ਸਰਦਾਰ ਮੂੰਹ ਤੱਕਦੇ ਰਹਿ ਗਏ ਤੇ ਸਿਰ ਤੇ ਪੈਰ ਰੱਖ ਕੇ ਨੱਸ ਉੱਠੇ।

ਦੋ ਸਾਲ ਬਾਦ 1801 ਵਿਸਾਖੀ ਵਾਲੇ ਦਿਨ, 21 ਸਾਲ ਦੇ ਨੌਜੁਆਨ ਰਣਜੀਤ ਸਿੰਘ ਨੂੰ ਬਾਬਾ ਸਾਹਿਬ ਸਿੰਘ ਬੇਦੀ ਨੇ ਲਾਹੌਰ ਦੇ ਸ਼ਾਹੀ ਕਿਲ੍ਹੇ ਦੇ 'ਦੀਵਾਨੇ ਆਮ' ਵਿੱਚ ਮਹਾਰਾਜੇ ਦਾ ਰਾਜ-ਤਿਲਕ ਇੱਕ ਭਰਵੇਂ ਸ਼ਾਹੀ ਪੰਡਾਲ ਵਿੱਚ ਦੇ ਕੇ ਪੰਜਾਬ ਦਾ 'ਮਹਾਰਾਜਾ' ਥਾਪ ਦਿੱਤਾ।

ਚੇਚਕ ਦੇ ਦਾਗਾਂ ਵਾਲਾ ਚਿਹਰਾ, ਮੱਧਰਾ ਕੱਦ, ਪਤਲੀਆਂ ਲੱਤਾਂ ਤੇ ਭਾਰੇ ਸਿਰ ਵਾਲੇ ਇਸ ਮਹਾਰਾਜੇ ਬਾਰੇ ਜਰਮਨ ਯਾਤਰੀ ਬੈਰਕ ਹਿਊਗਲ ਲਿਖਦਾ ਹੈ, 'ਉਹ ਇੱਕ ਛੋਟੇ ਕੱਦ ਦਾ ਕਰੂਪ ਮਨੁੱਖ ਹੈ ਅਤੇ ਜੇ ਉਸ ਵਿੱਚ ਇਨੇ ਮਹਾਨ ਗੁਣ

ਨਾ ਹੁੰਦੇ ਤਾਂ ਸ਼ਾਇਦ ਉਸ ਵੱਲ ਕੋਈ ਤੱਕਦਾ ਵੀ ਨਾ।' 'ਤੇਰੀ ਇਕੋ ਅੱਖ ਸੁਲੱਖਣੀ ਸੌ ਟੀਪਾਂ ਮਾਰੇ, ਤੈਨੂੰ ਝੁੱਕ ਝੁੱਕ ਕਰਨ ਸਲਾਮਾਂ ਦੋ ਅੱਖਾਂ ਵਾਲੇ' ਦਰਬਾਰੀ ਮਰਾਸੀ ਦੇ ਹਾਸਰੱਸ ਤਨਜ਼ੀਆ ਬੋਲਾਂ ਵਿੱਚ ਕਿੰਨਾ ਕੁ ਤੱਥ ਸੀ। ਇਹ ਆਉਣ ਵਾਲੇ ਸਮਿਆਂ ਨੇ ਸੱਚ ਕਰ ਵਿਖਾਇਆ ਜਦੋਂ ਪੱਛਮ ਵਿੱਚ ਖ਼ੈਬਰ ਦੱਰ੍ਹੇ ਤੋਂ ਲੈ ਕੇ ਪੂਰਬ ਵਿੱਚ ਤਿੱਬਤ ਤੱਕ, ਦੱਖਣ ਵੱਲ ਸਿੰਧ ਅਤੇ ਉੱਤਰ ਵੱਲ ਕਸ਼ਮੀਰ ਤੱਕ ਫੈਲਿਆ ਸਰਕਾਰ-ਏ-ਖਾਲਸਾ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਖਾਲਸਾ ਰਾਜ ਵਾਲਾ ਮਾਣਮੱਤਾ 'ਦੇਸ਼ ਪੰਜਾਬ' ਬਣ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਨੇ 1802 ਵਿੱਚ ਸ਼ਕਤੀਸ਼ਾਲੀ ਸਿੱਖ ਮਹਾਰਾਜਾ ਬਣ ਪਰਜਾ ਨੂੰ ਵਧੀਆ ਰਾਜ ਪ੍ਰਬੰਧ ਦੇਣ ਲਈ ਇੱਕ ਵਿਭਾਗੀ ਸੰਗਠਨ ਉਸਾਰਿਆ ਜਿਸ ਵਿੱਚ ਵੱਖ ਵੱਖ ਵਿਭਾਗਾਂ ਦੇ ਪੰਦਰਾਂ ਦਫ਼ਤਰ ਬਣਾਏ ਗਏ। ਇਸ ਦਾ ਮੁੱਖੀ ਅਨੁਭਵੀ ਦੀਵਾਨ ਭਵਾਨੀ ਦਾਸ ਸੀ ਜੋ ਮੁਸਲਮਾਨ ਸਾਸ਼ਕ ਸ਼ਾਹ ਸ਼ੁਜਾਹ ਹੇਠ ਇੱਕ ਉੱਚ ਅਧਿਕਾਰੀ ਦੇ ਤੌਰ ਤੇ ਕੰਮ ਕਰ ਚੁੱਕਾ ਸੀ। ਉਸ ਦੀ ਮਦਦ ਲਈ ਦੀਵਾਨ ਗੰਗਾ ਰਾਮ ਸੀ, ਜੋ ਗਵਾਲੀਅਰ ਦੇ ਸਿੰਧੀਆ ਰਾਜਿਆ ਨਾਲ ਨੌਕਰੀ ਕਰ ਚੁੱਕਾ ਸੀ।

ਖਾਲਸਾ ਰਾਜ ਦੀ ਦਫ਼ਤਰੀ ਭਾਸ਼ਾ ਫਾਰਸੀ ਸੀ ਪਰ ਪਰਜਾ ਵਿੱਚ ਗੁਰਮੁਖੀ ਤੇ ਫਾਰਸੀ ਦੋਵੇਂ ਭਾਸ਼ਾ ਪ੍ਰਚਲਤ ਸਨ। ਮਹਾਰਾਜਾ ਰਣਜੀਤ ਸਿੰਘ ਸਭ ਹੁਕਮ ਜ਼ੁਬਾਨੀ ਦੇਂਦਾ ਸੀ ਜਿਸਨੂੰ ਮੁਨਸ਼ੀ ਫਾਰਸੀ ਵਿੱਚ ਲਿਖਦਾ। ਉਹ ਸਿਰਫ਼ ਗੁਰਮੁੱਖੀ ਪੜ੍ਹਿਆ ਸੀ ਪਰ ਇਨੀ ਕੁ ਫਾਰਸੀ ਜਾਣਦਾ ਸੀ ਕਿ ਫਾਰਸੀ ਵਿੱਚ ਲਿਖੇ ਹੁਕਮਾਂ ਦੀ ਨਜ਼ਰਸਾਨੀ ਕਰਦਾ ਗਲਤੀਆਂ ਫੜ ਲੈਂਦਾ ਅਤੇ ਦਰੁਸਤੀ ਕਰਵਾਉਂਦਾ ਸੀ। ਰਾਜ ਵਿੱਚ ਨਾਨਕ-ਸ਼ਾਹੀ ਸਿੱਕਾ ਚਲਦਾ ਸੀ।

ਖਾਲਸਾ ਰਾਜ ਵਿੱਚ ਅੱਜ ਵਰਗੀਆਂ ਨਾ ਕਚਹਿਰੀਆਂ, ਨਾ ਵਕੀਲ ਤੇ ਨਾ ਜੱਜ ਸਨ ਜਿੱਥੇ ਮੁਕੱਦਮੇ ਪੇਸ਼ ਹੁੰਦੇ ਹਨ, ਸੁਣੇ ਜਾਂਦੇ ਹਨ, ਬਹਿਸਾਂ ਹੁੰਦੀਆਂ ਹਨ ਅਤੇ ਇਨਸਾਫ਼ ਲਈ ਸਾਲਾਂ ਬੱਧੀ ਉਡੀਕਣਾ ਪੈਂਦਾ ਹੈ। ਮਹਾਰਾਜਾ ਰਣਜੀਤ ਸਿੰਘ ਦਾ ਇਨਸਾਫ਼ ਹੱਕ ਸੱਚ ਤੇ ਧਰਮ ਦਾ ਖਾਲਸ ਨਿਆਂ ਸੀ। ਧਾਰਮਿਕ, ਸਮਾਜਿਕ ਤੇ ਕਿਸਾਨੀ ਮਸਲੇ ਸੁਣਨ ਲਈ ਕਾਜ਼ੀ ਦਾ ਆਹੁਦਾ ਸੀ, ਜੋ ਮੁਨਸਫ਼ ਭਾਵ ਮੈਜਿਸਟ੍ਰਟ ਹੁੰਦੇ ਸਨ। ਮੁਸਲਮਾਨ, ਹਿੰਦੂ ਤੇ ਸਿੱਖ ਕਾਜ਼ੀ ਨਾਮਜ਼ਦ ਕੀਤੇ ਜਾਂਦੇ ਸਨ । ਉਹ ਖੁੱਲ੍ਹੀ ਅਦਾਲਤ ਵਿੱਚ ਸਭ ਦੇ ਮਸਲੇ ਸੁਣਦੇ।

ਪ੍ਰੰਤੂ ਮਹਾਰਾਜਾ ਸਭ ਅਪੀਲਾਂ ਲਈ ਆਪ ਖ਼ੁਦ ਅੰਤਿਮ ਅਦਾਲਤ ਸੀ। ਜੇਕਰ ਕਿਸੇ ਨੂੰ ਲਗਦਾ ਕਿ ਉਸ ਦੀ ਗੱਲ ਨਹੀਂ ਸੁਣੀ ਗਈ ਜਾਂ ਨਹੀਂ ਸੁਣੀ ਜਾ ਰਹੀ ਤਾਂ ਉਹ ਦੋਵੇਂ ਬਾਹਵਾਂ ਉੱਚੀਆਂ ਚੁੱਕ ਕੇ ਜ਼ੋਰ ਜ਼ੋਰ ਦੀ ਹਿਲਾਉਂਦਾ। ਇਸ ਨੂੰ 'ਪੱਲੂ ਫੇਰਨਾ' ਆਖਿਆ ਜਾਂਦਾ ਸੀ। ਮਹਾਰਾਜਾ ਉਸ ਨੂੰ ਬੁਲਾਉਂਦਾ, ਉਸ ਦੀ ਗੱਲ ਸੁਣਦਾ ਤੇ ਉਸੇ ਵੇਲੇ ਇਨਸਾਫ਼ ਕਰਦਾ ਸੀ। ਇਹ ਰਵਾਇਤ ਦਰਸਾਉਂਦੀ ਹੈ ਕਿ ਬੇਸ਼ਕ ਨਿਆਂ ਪ੍ਰਣਾਲੀ ਗੈਰ ਰਸਮੀ ਤੇ ਭਾਈਚੀਰਕ ਰੀਤਾਂ ਤੇ ਅਧਾਰਤ ਸੀ, ਪਰ ਇਹ ਨਿਰਪੱਖ ਅਤੇ ਹਰੇਕ ਦੀ ਪਹੁੰਚ ਵਿੱਚ ਸੀ। ਇਨਸਾਫ਼ ਕਰਦੇ ਸਮੇਂ ਧਰਮ, ਜਾਤ, ਅਮੀਰ ਗਰੀਬ ਜਾਂ ਉਚ-ਨੀਚ ਦਾ ਵਖਰੇਵਾਂ ਨਹੀਂ ਹੁੰਦਾ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਆਪਣੀ ਪਰਜਾ ਲਈ ਨਿਰਪੱਖ ਰਵਈਆ ਸੀ। ਆਪ ਇੱਕ ਧਰਮੀ ਸਿੱਖ ਸੀ ਪਰ ਉਸਦੇ ਰਾਜ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਨੂੰ ਆਪਣਾ ਧਰਮ ਮੰਨਣ, ਧਾਰਮਿਕ ਅਸਥਾਨ ਬਣਾਉਣ ਤੇ ਆਪੋ ਆਪਣੇ ਧਾਰਮਿਕ ਸਥਾਨਾਂ ਤੇ ਜਾਣ ਦੀ ਪੂਰਨ ਖੁੱਲ੍ਹ ਸੀ। ਇਥੋਂ ਤੱਕ ਕੇ ਜਿੱਥੇ ਕਈ ਗੁਰਦੁਆਰੇ ਸਰਕਾਰੀ ਖਜ਼ਾਨੇ ਵਿਚੋਂ ਬਣਵਾਏ, ਉੱਥੇ ਮਹਾਰਾਜੇ ਨੇ ਕਈ ਮੰਦਰ ਤੇ ਮਸੀਤਾਂ ਵੀ ਬਣਵਾਈਆਂ। ਧਾਰਮਿਕ ਸਹਿਨਸ਼ੀਲਤਾ ਵਾਲੇ ਉਸਦੇ ਰਾਜ ਵਿੱਚ ਕਦੇ ਕਿਸੇ ਕਿਸਮ ਦੇ ਦੰਗੇ ਫ਼ਸਾਦ ਨਹੀਂ ਹੋਏ। ਨਾ ਹੀ ਮੰਦਰ ਢਾਹ ਕੇ ਮਸੀਤਾਂ ਉਸਾਰੀਆਂ ਤੇ ਨਾ ਮਸੀਤਾਂ ਢਾਹ ਕੇ

ਗੁਰਦੁਆਰੇ ਉਸਾਰੇ ਗਏ, ਜਿਵੇਂ ਕਿ ਮੁਗਲਾਂ ਦੀ ਆਮਦ ਵੇਲੇ ਹੁੰਦਾ ਆਇਆ ਸੀ।

ਵੱਖ ਵੱਖ ਧਰਮਾਂ, ਫ਼ਿਰਕਿਆਂ ਤੇ ਕਬੀਲਿਆਂ ਵਾਲੇ ਉਸ ਸਮੇਂ ਲਗਪਗ 35 ਕੁ ਲੱਖ ਵਸੋਂ ਵਾਲੇ ਉਸ ਦੇਸ਼ ਪੰਜਾਬ ਵਿੱਚ ਇਸ ਗੱਲ ਨੂੰ ਯਕੀਨੀ ਬਣਾਇਆ ਜਾਂਦਾ ਸੀ ਕਿ ਸਭ ਸੁੱਖੀ ਸਾਂਦੀ ਵੱਸਣ ਅਤੇ ਸੁੱਖ ਦੀ ਨੀਂਦ ਸੌਣ। ਆਂਕੜੇ ਦਰਸਾਉਂਦੇ ਹਨ ਕਿ ਇਸ ਸਿੱਖ ਸਲਤਨਤ ਵਿੱਚ ਮੁਸਲਮਾਨਾਂ ਦੀ ਗਿਣਤੀ ਸੱਠ ਪ੍ਰਤੀਸ਼ਤ, ਹਿੰਦੂ ਪੱਚੀ ਪ੍ਰਤੀਸ਼ਤ ਅਤੇ ਸਿੱਖ ਵਸੋਂ ਕੇਵਲ ਪੰਦਰਾਂ ਪ੍ਰਤੀਸ਼ਤ ਸੀ। ਪਰ ਮਜਾਲ ਕਿ ਕਦੇ ਕਿਸੇ ਨਾਲ ਵਧੀਕੀ ਜਾਂ ਭੇਦ-ਭਾਵ ਹੁੰਦਾ ਹੋਵੇ। ਮਹਾਰਾਜਾ ਆਪ ਰਾਤ ਨੂੰ ਭੇਸ ਬਦਲ ਕੇ ਆਪਣੀ ਪਰਜਾ ਦਾ ਹਾਲ ਚਾਲ ਵੇਖਦਾ। ਲੋੜਵੰਦਾਂ ਦੀ ਮਦਦ ਕਰਦਾ। ਕਿਸੇ ਕਿਸਮ ਦੀ ਹੋ ਰਹੀ ਬੇਇਨਸਾਫ਼ੀ ਵੇਖਦਾ ਤਾਂ ਇਨਸਾਫ਼ ਦੇਂਦਾ। ਕਹਿੰਦੇ ਹਨ ਇੱਕ ਵਾਰ ਕਾਲ ਪੈ ਗਿਆ ਤਾਂ ਸਰਕਾਰੀ ਅੰਨ-ਭੰਡਾਰ ਦੇ ਦਰਵਾਜ਼ੇ ਪਰਜਾ ਲਈ ਖੋਲ੍ਹ ਦਿੱਤੇ ਗਏ। ਆਮ ਆਦਮੀ ਦੇ ਭੇਸ ਵਿੱਚ ਮਹਾਰਾਜੇ ਨੇ ਵੇਖਿਆ ਕਿ ਇੱਕ ਬਜ਼ੁਰਗ ਕੋਲੋਂ ਅਨਾਜ ਦੀ ਭਾਰੀ ਬੋਰੀ ਚੁੱਕੀ ਨਹੀਂ ਜਾ ਰਹੀ ਸੀ ਤਾਂ ਮਹਾਰਾਜਾ ਆਪ ਸਿਰ ਤੇ ਚੁੱਕ ਕੇ ਉਸ ਦੇ ਘਰ ਛੱਡ ਕੇ ਆਇਆ।

ਇਹੋ ਜਿਹੇ ਮਨੁੱਖ-ਹਿੱਤੀ ਵਰਤਾਰੇ ਵਾਲਾ ਸੀ ਉਹ ਦਰਿਆ ਦਿਲ ਤੇ ਕੋਮਲ ਚਿੱਤ ਮਹਾਰਾਜਾ, ਜੋ ਸਾਦਾ ਪਹਿਰਾਵਾ ਪਹਿਨਦਾ ਸੀ। ਦਰਬਾਰ ਵਿੱਚ ਰਵਾਇਤੀ ਕਿਸਮ ਦੇ ਸ਼ਾਹੀ ਤਖ਼ਤ ਦੀ ਥਾਂ ਚਾਂਦੀ ਦੀ ਬਣੀ ਆਮ ਕਿਸਮ ਦੀ ਕੁਰਸੀ ਤੇ ਬੈਠਦਾ। ਲੋੜ ਅਨੁਸਾਰ ਦਰਬਾਰ ਦਾ ਸਥਾਨ ਪਰਜਾ ਦੀ ਸਹੂਲੀਅਤ ਲਈ ਅਸਾਨੀ ਨਾਲ ਬਦਲ ਲਿਆ ਜਾਂਦਾ। ਉਸਨੂੰ ਦਰਬਾਰ ਵਿੱਚ 'ਸਿੰਘ ਸਾਹਿਬ' ਤੇ 'ਸਰਕਾਰ' ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਉਸ ਨਾਲੋਂ ਵੱਡੀ ਉਮਰ ਦੇ ਲੋਕ ਉਸ ਨੂੰ 'ਭਾਈ ਸਾਹਿਬ' ਦੇ ਸਾਦਾ ਬੋਲਾਂ ਨਾਲ ਸੰਬੋਧਨ ਕਰਦੇ ਸਨ। ਕਿਸੇ ਕਿਸਮ ਦੇ ਰਾਜਸੀ ਹੰਕਾਰ ਤੇ ਉੱਚੇ ਰੁਤਬੇ ਦੀ ਹਉਮੇਂ ਤੋਂ ਉਪਰ ਉੱਠ 'ਸਭੈ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਓ' ਵਾਲੇ ਗੁਣਾਂ ਦਾ ਧਾਰਨੀ ਮਹਾਰਾਜਾ ਵਲੋਂ ਹਰ ਇੱਕ ਨਾਲ ਨਿਰਪੱਖ/ ਸੈਕੂਲਰ ਵਿਹਾਰ ਹੁੰਦਾ ਤੇ ਬਰਾਬਰ ਦਾ ਨਿਆਂ ਮਿਲਦਾ।

ਹਰ ਸਾਸ਼ਕ ਦੀ ਤਾਕਤ ਉਸ ਕੋਲ ਮੌਜੂਦ ਉਸ ਦੀ ਫ਼ੌਜ ਹੁੰਦੀ ਹੈ, ਜਿਸਦੀ ਬਦੌਲਤ ਉਹ ਆਪਣੇ ਰਾਜ ਤੇ ਪਰਜਾ ਦੇ ਜਾਨ ਮਾਲ ਦੀ ਸੁਰੱਖਿਆ ਯਕੀਨੀ ਬਣਾਉਂਦਾ ਹੈ। ਮਹਾਰਾਜਾ ਦੇ ਖਾਲਸਾ ਰਾਜ ਦੀ ਵਿਸ਼ਾਲ ਖਾਲਸਾ ਫ਼ੌਜ ਇੱਕ ਸੈਕੂਲਰ ਫ਼ੌਜ ਸੀ। ਜਿਸ ਦੀ ਭਰਤੀ ਲਈ ਧਾਰਮਿਕ ਤੇ ਸਮਾਜਿਕ ਵਖਰੇਵੇਂ ਦੀ ਥਾਂ ਯੋਗਤਾ ਤੇ ਨਿਸ਼ਠਾ ਮਾਪਦੰਡ ਵਜੋਂ ਵਰਤਿਆ ਜਾਂਦਾ ਸੀ। ਫ਼ੌਜ ਦੀ ਸਿਖਲਾਈ ਲਈ ਯੂਰਪੀਨ ਜਰਨੈਲਾਂ ਨੂੰ ਰੱਖਿਆ ਗਿਆ, ਜਿਹਨਾਂ ਵਿੱਚ ਨੈਪੋਲੀਅਨ ਦੀ ਫ਼ੌਜ ਦੇ ਜਾਂਬਾਜ਼ ਜਰਨੈਲ ਵੀ ਸ਼ਾਮਲ ਸਨ। ਸਿਪਾਹੀਆਂ ਨੂੰ ਸਮੇਂ ਸਿਰ ਤਨਖਾਹਾਂ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਂਦੀਆਂ। ਕਹਿੰਦੇ ਹਨ ਕਿ ਉੱਚਪਾਏ ਦੀਆਂ ਵਰਦੀਆਂ ਨਾਲ ਸ਼ਿੰਗਾਰੀ ਖਾਲਸਾ ਫ਼ੌਜ ਦੀ ਦਿੱਖ ਮਨ ਨੂੰ ਮੋਂਹਦੀ ਸੀ।

ਨਿਸ਼ਠਾਵਾਨ ਹਰੀ ਸਿੰਘ ਨਲੂਆ ਵਰਗੇ ਜਰਨੈਲਾਂ ਨੇ ਖਾਲਸਾ ਰਾਜ ਦੀਆਂ ਹੱਦਾਂ ਨੂੰ ਵਧਾਉਣ ਦੇ ਨਾਲ ਨਾਲ ਪਰਜਾ ਨੂੰ ਬਾਹਰੀ ਹਮਲਿਆਂ ਦੇ ਖ਼ੌਫ਼ ਤੋਂ ਨਿਸ਼ਚਿੰਤ ਕੀਤਾ।

ਮਹਾਰਾਜਾ ਰਣਜੀਤ ਸਿੰਘ ਨੇ ਮੁਗ਼ਲ ਬਾਦਾਸ਼ਾਹਾਂ ਵਾਂਗ ਜਿੱਤੇ ਹੋਏ ਇਲਾਕਿਆਂ ਦੀ ਜਨਤਾ ਨੂੰ ਗੁਲਾਮ ਨਹੀਂ ਬਣਾਇਆ ਤੇ ਨਾ ਹੀ ਗੁਲਾਮ ਸਮਝਿਆ, ਬਲਕਿ ਜਿੱਤੇ ਹੋਏ ਇਲਾਕਿਆਂ ਦੀ ਪਰਜਾ ਨਾਲ ਬਾਕੀ ਪਰਜਾ ਵਾਲਾ ਹੀ ਨਿਰਪੱਖ ਤੇ ਬਰਾਬਰ ਦਾ ਸਲੂਕ ਹੁੰਦਾ। ਉਸਦਾ ਮਕਸਦ ਕੇਵਲ ਸਤ੍ਹਾ ਅਤੇ ਤਾਕਤ ਪਾਉਣਾ ਹੀ ਨਹੀਂ ਬਲਕਿ ਵੱਖ ਵੱਖ ਧੜਿਆਂ ਨੂੰ ਇੱਕ ਝੰਡੇ ਹੇਠ ਇੱਕ ਜੁੱਟ ਕਰਨਾ ਹੁੰਦਾ ਸੀ, ਤਾਂ ਜੋ ਦੇਸ਼ ਨੂੰ ਬਾਹਰੀ ਹਮਲਿਆਂ ਤੋਂ ਸੁਰੱਖਿਅਤ ਰੱਖਿਆ ਜਾ ਸਕੇ। ਸਭ ਤੋਂ ਵੱਡੀ ਖ਼ੂਬੀ ਕਿ ਖਾਲਸਾ ਰਾਜ ਵਿੱਚ ਹਰ ਪ੍ਰਕਾਰ ਦੀ ਗੁਲਾਮੀ ਅਤੇ

ਮੌਤ ਦੀ ਸਜ਼ਾ ਨੂੰ ਮੁਢੋਂ ਹੀ ਖਤਮ ਕਰ ਦਿੱਤਾ ਗਿਆ ਸੀ।

ਇਸੇ ਤਰ੍ਹਾਂ ਖਾਲਸਾ ਰਾਜ ਦੇ ਰਾਜ ਪ੍ਰਬੰਧ ਤੇ ਨਿਆਂ ਪ੍ਰਣਾਲੀ ਦੀ ਬਣਤਰ ਵੀ ਸੈਕੂਲਰ ਬਣਾਈ ਗਈ, ਤਾਂ ਜੋ ਪਰਜਾ ਨੂੰ ਨਿਰਪੱਖ ਰਾਜ ਪ੍ਰਬੰਧ ਤੇ ਨਿਰਪੱਖ ਨਿਆਂ ਪ੍ਰਾਪਤ ਹੋਵੇ। ਖਾਲਸਾ ਰਾਜ ਦਾ ਵਿਦੇਸ਼ ਮੰਤਰੀ ਫ਼ਕੀਰ ਅਜੀਜ਼ੁਦੀਨ ਇੱਕ ਮੁਸਲਮਾਨ ਸੀ ਅਤੇ ਪ੍ਰਧਾਨ ਮੰਤਰੀ ਧਿਆਨ ਸਿੰਘ ਹਿੰਦੂ ਸੀ। ਹੋਰ ਦਰਬਾਰੀਆਂ ਵਿੱਚ ਹਿੰਦੂ, ਸਿੱਖ ਤੇ ਮੁਸਲਮਾਨ ਦਰਬਾਰੀ ਸ਼ਾਮਲ ਸਨ।

ਖਾਲਸਾ ਰਾਜ ਵਿੱਚ ਸਭ ਧਰਮਾਂ ਦਾ ਆਦਰ ਤਾਂ ਹੈ ਹੀ ਸੀ, ਧਾਰਮਿਕ ਤੇ ਸਭਿਆਚਾਰਕ ਤਿਉਹਾਰ ਵੀ ਰਲ ਮਿਲ ਕੇ ਮਨਾਏ ਜਾਂਦੇ ਸਨ। ਮਹਾਰਾਜਾ ਖ਼ੁਦ ਰਮਜ਼ਾਨ ਦੇ ਦਿਨਾਂ ਵਿੱਚ ਰੋਜ਼ੇ ਰਖਦਾ, ਲੋਕਾਂ ਨਾਲ ਹੋਲੀ ਮਨਾਉਂਦਾ ਅਤੇ ਹਰਿਮੰਦਰ ਸਾਹਿਬ ਵਿੱਖੇ ਹਰ ਮਹੀਨੇ ਮੱਥਾ ਟੇਕਣ ਤੇ ਇਸ਼ਨਾਨ ਕਰਨ ਜਾਂਦਾ।

ਉਹ ਇੱਕ ਬਹਾਦਰ ਯੋਧਾ ਹੋਣ ਦੇ ਨਾਲ ਕਲਾਤਮਿਕ ਸੂਝ ਦਾ ਮਾਲਕ ਸੀ। ਉਸ ਦੇ ਸਮੇਂ ਹਰਿਮੰਦਰ ਸਾਹਿਬ ਦੀ ਕਰਵਾਈ ਗਈ ਨਵ-ਉਸਾਰੀ ਉਸਦਾ ਕਲਾ ਨਾਲ ਪਿਆਰ ਦਾ ਬੇਹਤਰੀਨ ਨਮੂਨਾ ਹੈ। ਵਾਰਾਨਸੀ ਮੰਦਰ ਵਿੱਚ ਮਹਾਰਾਜਾ ਵਲੋਂ ਚੜ੍ਹਾਈ ਗਈ ਸੋਨੇ ਦੀ ਘੰਟੀ ਨੂੰ ਅਜੇ ਵੀ ਪੁਜਾਰੀ ਬੜੇ ਮਾਣ ਨਾਲ ਵਖਾਉਂਦੇ ਹਨ। ਸੋ ਮਹਾਰਾਜਾ ਦੇ ਘੱਟ ਗਿਣਤੀ ਸਿੱਖਾਂ ਦੇ ਖਾਲਸਾ ਰਾਜ ਵਿੱਚ ਨਾ ਹੀ ਜ਼ਬਰੀ ਧਰਮ ਪ੍ਰੀਵਰਤਨ ਕੀਤਾ ਜਾਂਦਾ ਤੇ ਨਾ ਹੀ ਕਿਸੇ ਤੇ ਜ਼ੋਰ ਜ਼ਬਰਦਸਤੀ ਕੀਤੀ ਜਾਂਦੀ।

ਆਰਥਿਕਤਾ ਦੀ ਬਰਾਬਰੀ ਵਾਲੇ ਇਸ ਰਾਜ ਵਿੱਚ ਕਿਸਾਨਾਂ ਦੇ ਸੋਸ਼ਣ ਨੂੰ ਰੋਕਿਆ ਗਿਆ। ਕਿਸਾਨ ਜਿਨੀ ਫ਼ਸਲ ਪੈਦਾ ਕਰਦਾ ਉਸ ਦੇ ਹਿਸਾਬ ਨਾਲ ਹੀ ਮਾਲੀਆ ਵਸੂਲਿਆ ਜਾਂਦਾ, ਨਾ ਕਿ ਉਹ ਕਿੰਨੀ ਜ਼ਮੀਨ ਦਾ ਮਾਲਕ ਹੁੰਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਸਾਸ਼ਨ ਕਾਲ ਨੂੰ ਸੁਨਹਿਰੀ ਯੁੱਗ ਵਜੋਂ ਯਾਦ ਕੀਤਾ ਜਾਂਦਾ ਹੈ। ਉਸ ਨੂੰ 'ਪੂਰਬ ਦਾ ਨੈਪੋਲੀਅਨ' ਆਖ ਵਡਿਆਇਆ ਜਾਂਦਾ ਹੈ, ਜੋ ਕਿ ਇੱਕ ਜੇਤੂ, ਮਹਾਨ ਸਲਤਨਤ ਦਾ ਉਸਰਈਆ, ਵਿਸ਼ਾਲ ਦੇਸ਼ਭਗਤੀ ਦੀ ਮਾਨਸਿਕਤਾ ਵਾਲਾ, ਆਪਣੇ ਵਿਰੋਧੀਆਂ ਤੋਂ ਸਿੱਖਣ ਦੀ ਪ੍ਰਬਲ ਇੱਛਾ ਰੱਖਣ ਵਾਲਾ ਸ਼ਾਤਰ ਸਾਸ਼ਕ ਸੀ।

ਮਾਰਚ 5, 2020 ਵਿੱਚ ਬੀਬੀਸੀ ਦੁਆਰਾ ਕਰਵਾਏ ਗਏ ਇੱਕ ਸਰਵੇ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ 'ਸਭ ਤੋਂ ਮਹਾਨ ਵਿਸ਼ਵ ਨੇਤਾ' ਦੇ ਰੁਤਬੇ ਨਾਲ ਸਨਮਾਨਿਆ ਗਿਆ ਹੈ।

# ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ: ਭਾਗ 1

ਜਸਵਿੰਦਰ ਸਿੰਘ ਰੁਪਾਲ

ਭਗਤ ਧੰਨੇ ਦਾ ਜਨਮ 20 ਅਪ੍ਰੈਲ 1415 ਨੂੰ ਰਾਜਸਥਾਨ ਦੇ ਟੌਂਕ ਜਿਲੇ ਵਿਚ ਦਿਉਲੀ ਸ਼ਹਿਰ ਦੇ ਨੇੜੇ ਪਿੰਡ ਧੁਆਂ ਵਿਖੇ ਹੋਇਆ। ਉਹ ਇੱਕ ਕਿਸਾਨ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਉਹਨਾਂ ਦੇ ਜੀਵਨ ਬਾਰੇ ਬਹੁਤੇ ਵੇਰਵੇ ਨਹੀਂ ਮਿਲਦੇ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਉਹਨਾਂ ਦੇ ਤਿੰਨ ਸ਼ਬਦ ਦਰਜ ਹਨ।

ਉਹਨਾਂ ਦੇ ਜੀਵਨ ਨਾਲ ਜੁੜੀ ਹੋਈ ਪ੍ਰਸਿੱਧ ਸਾਖੀ ਹੈ ਕਿ ਉਹਨਾਂ ਨੇ ਪੱਥਰ ਵਿਚੋਂ ਭਗਵਾਨ ਦੀ ਪ੍ਰਾਪਤੀ ਕੀਤੀ। ਪਹਿਲਾਂ ਇਸ ਸਾਖੀ ਨੂੰ ਦੇਖੀਏ, ਕੀ ਹੈ:

ਜਿਕਰ ਆਉਂਦਾ ਹੈ ਕਿ ਛੋਟੇ ਹੁੰਦੇ ਧੰਨਾ ਗਊਆਂ ਚਾਰਨ ਜਾਂਦਾ ਸੀ। ਰਸਤੇ ਵਿਚ ਇੱਕ ਠਾਕੁਰ ਦੁਆਰਾ ਆਉਂਦਾ ਸੀ ਜਿਥੇ ਉਹ ਇਕ ਪੰਡਤ ਨੂੰ ਮੂਰਤੀਆਂ ਦੀ ਪੂਜਾ ਕਰਦੇ, ਭੋਗ ਲਵਾਉਂਦੇ ਅਤੇ ਆਰਤੀ ਕਰਦੇ ਦੇਖਦਾ ਸੀ। ਇਸ ਪੰਡਤ ਦਾ ਨਾਮ ਤਰਲੋਚਨ ਕਿਹਾ ਜਾਂਦਾ ਹੈ। ਧੰਨੇ ਨੇ ਪੰਡਤ ਨੂੰ ਪੁੱਛਿਆ ਕਿ ਇਸਤਰਾਂ ਕਰਨ ਨਾਲ ਉਸਨੂੰ ਕੀ ਮਿਲਦਾ ਹੈ? ਪੰਡਤ ਨੇ ਦੱਸਿਆ ਕਿ ਖੁਸ਼ ਹੋਣ ਤੇ ਠਾਕੁਰ ਮੂੰਹ ਮੰਗੀ ਵਸਤੂ ਦੇ ਦਿੰਦੇ ਹਨ।

ਧੰਨਾ ਬੜਾ ਹੈਰਾਨ ਹੋਇਆ। ਉਸ ਨੇ ਪੰਡਤ ਤੋਂ ਠਾਕੁਰ ਦੀ ਮੰਗ ਕੀਤੀ। ਪੰਡਤ ਨੇ ਕਿਹਾ ਤੇਰੇ ਤੋਂ ਠਾਕੁਰ ਖੁਸ਼ ਨਹੀਂ ਹੋਣੇ। ਪਹਿਲੀ ਗੱਲ ਤੂੰ ਜੱਟ ਹੈ ਅਤੇ ਤੈਨੂੰ ਪੂਜਾ ਦੀ ਅਕਲ ਨਹੀਂ। ਦੂਜੀ ਗੱਲ ਤੂੰ ਅਨਪੜ੍ਹ ਹੈਂ। ਤੀਸਰੀ ਗੱਲ ਮੰਦਰ ਤੋਂ ਬਿਨਾਂ ਠਾਕੁਰ ਕਿਤੇ ਪ੍ਰਸੰਨ ਨਹੀਂ ਹੁੰਦਾ। ਪਰ ਧੰਨੇ ਨੇ ਜਿੱਦ ਕੀਤੀ। ਪੰਡਤ ਜੱਟਾਂ ਦੇ ਸੁਭਾਅ ਨੂੰ ਸਮਝਦਾ ਸੀ, ਉਹ ਡਰ ਗਿਆ ਕਿਤੇ ਗੁੱਸੇ ਚ ਆ ਕੇ ਧੰਨਾ ਉਸਨੂੰ ਕੁੱਟਣ ਹੀ ਨਾ ਲੱਗ ਜਾਵੇ, ਡਰਦੇ ਪੰਡਤ ਨੇ ਇੱਕ ਸਾਲਗਰਾਮ ਪੱਥਰ ਦੇ ਕੇ ਉਸਨੂੰ ਪੂਜਾ ਕਰਨੀ ਦੱਸ ਦਿੱਤੀ।



ਧੰਨਾ ਉਸ ਸਾਲਗਰਾਮ ਨੂੰ ਚਾਦਰ ਚ ਲਪੇਟ ਕੇ ਸਤਿਕਾਰ ਨਾਲ ਘਰ ਲੈ ਆਇਆ। ਉਸਨੇ ਲੱਕੜ ਦੀ ਚੌਕੀ ਬਣਵਾਈ । ਸਵੇਰੇ ਇਸ਼ਨਾਨ ਆਦਿ ਕਰਕੇ ਠਾਕੁਰ ਨੂੰ ਇਸ਼ਨਾਨ ਕਰਵਾਇਆ। ਤਿਆਰ ਹੋਈ ਰੋਟੀ ਥਾਲੀ ਵਿੱਚ ਟਿਕਾ ਕੇ ਠਾਕੁਰ ਅੱਗੇ ਰੱਖੀ ਅਤੇ ਛਕਣ ਲਈ ਬੇਨਤੀਆਂ ਕਰਨ ਲੱਗਿਆ। ਪਰ ਕੋਈ ਹਿਲਜੁਲ ਨਾ ਹੋਈ। ਧੰਨੇ ਨੇ ਕਿਹਾ ਕਿ ਜੇ ਤੁਸੀਂ ਰੋਟੀ ਨਹੀਂ ਖਾਂਦੇ, ਤਾਂ ਮੈਂ ਵੀ ਰੋਟੀ ਨਹੀਂ ਖਾਂਵਾਂਗਾ। ਆਖਰ ਕ੍ਰਿਸ਼ਨ ਜੀ ਨੇ ਪ੍ਰਗਟ ਹੋ ਕੇ ਰੋਟੀ ਖਾਧੀ ਅਤੇ ਕੁਝ ਮੰਗਣ ਲਈ ਕਿਹਾ। ਧੰਨਾ ਖੁਸ਼ੀ ਨਾਲ ਉੱਛਲ ਪਿਆ ਅਤੇ ਉਸਨੇ ਠਾਕੁਰ ਨੂੰ ਆਪਣੀਆਂ ਮੰਗਾਂ ਦੱਸੀਆਂ, ਜੋ ਉਸਦੇ ਸ਼ਬਦ "ਗੋਪਾਲ ਤੇਰਾ ਆਰਤਾ" ਵਿੱਚ ਦਰਜ ਹਨ।

ਇਸ ਵਿੱਚ ਉਸਨੇ ਠਾਕੁਰ ਨੂੰ ਆਪਣੀਆਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਕਿਹਾ ਹੈ ਜਿਸ ਵਿੱਚ ਉਸਨੇ ਦਾਲ, ਆਟਾ ਅਤੇ ਘਿਓ ਦੀ ਮੰਗ ਕੀਤੀ ਹੈ। ਜੁੱਤੀ ਤੇ ਸੋਹਣਾ ਕੱਪੜਾ ਵੀ ਮੰਗਿਆ ਹੈ। ਸੱਤਾਂ ਸੀਆਂ ਦਾ ਅੰਨ (ਉਹ ਅੰਨ ਜੋ ਪੈਲੀ ਨੂੰ ਸੱਤ ਵਾਰ ਵਾਹ

ਕੇ ਪੈਦਾ ਕੀਤਾ ਹੋਵੇ), ਗਊ, ਮੱਝ ਅਤੇ ਅਰਬੀ ਘੋੜੀ ਦੇਣ ਲਈ ਵੀ ਬੇਨਤੀ ਕੀਤੀ। ਅਖੀਰ ਤੇ ਘਰ ਲਈ ਇੱਕ ਚੰਗੀ ਇਸਤਰੀ ਵੀ ਮੰਗੀ ਗਈ। ਨੋਟ ਕਰਨ ਵਾਲੀ ਗੱਲ ਹੈ ਕਿ ਜੋ ਵੀ ਮੰਗਾਂ ਮੰਗੀਆਂ ਗਈਆਂ ਹਨ, ਉਹ ਸਭ ਬਹੁਤ ਹੀ ਸਬਰ ਸੰਤੋਖ ਵਾਲੀਆਂ ਹਨ ਅਤੇ ਜੀਵਨ ਦੀਆਂ ਘੱਟੋ ਘੱਟ ਮੁਢਲੀਆਂ ਜ਼ਰੂਰਤਾਂ ਹੀ ਆਖੀਆਂ ਜਾ ਸਕਦੀਆਂ ਹਨ। ਅਜਿਹਾ ਵੀ ਕਿਹਾ ਜਾਂਦਾ ਹੈ ਕਿ ਪ੍ਰਭੂ ਨੇ ਧੰਨੇ ਦੇ ਖੇਤੀ ਦੇ ਹੋਰ ਵੀ ਕਾਫੀ ਕੰਮ ਕਰਨ ਵਿੱਚ ਮੱਦਦ ਕੀਤੀ। ਲੋਕ-ਧਾਰਾ ਵਿੱਚ ਧੰਨੇ ਦੇ ਪ੍ਰੇਮ ਨੂੰ ਰਹਿਤ ਤੋਂ ਉੱਚਾ ਦੱਸਦਿਆਂ ਇਹ ਪ੍ਰਸਿੱਧ ਹੈ–

ਰੱਬ ਫਿਰਦਾ ਸੀ ਧੰਨੇ ਦੇ ਵੱਗ ਚਾਰਦਾ, ਉਹਨੇ ਕਿਹੜਾ ਕੱਛ ਪਾਈ ਸੀ। ਭਾਵ ਧੰਨੇ ਦੇ ਨਿਰਛਲ ਪ੍ਰੇਮ ਦੀ ਵਡਿਆਈ ਕੀਤੀ ਗਈ ਹੈ।

ਕੀ ਭਗਤ ਧੰਨਾ ਨੇ ਪੱਥਰ ਵਿਚੋਂ ਭਗਵਾਨ ਦੀ ਪ੍ਰਾਪਤੀ ਕੀਤੀ??? ਸਿੱਖ ਕੌਮ ਵਿੱਚ ਹੋਰ ਬੇਅੰਤ ਸਾਖੀਆਂ ਵਾਂਗ ਹੀ ਇਹ ਸਾਖੀ ਵੀ ਕਿਧਰੇ ਲੋਕ-ਮਨਾਂ ਵਿੱਚ ਘਰ ਕਰ ਗਈ ਹੈ ਕਿ ਧੰਨੇ ਨੇ ਪੱਥਰ ਵਿਚੋਂ ਹੀ ਪ੍ਰਭੂ ਨੂੰ ਪਾ ਲਿਆ ਸੀ। (ਵੈਸੇ ਹੁਣ ਗਿਆਨ ਦੇ ਪ੍ਰਚਾਰ ਸਦਕਾ ਕਾਫੀ ਲੋਕ ਸੱਚਾਈ ਜਾਣ ਗਏ ਹਨ)

ਆਓ ਇਸ ਸਾਖੀ ਤੇ ਵਿਚਾਰ ਕਰੀਏ, ਅਤੇ ਇਸਨੂੰ ਗੁਰਮਤਿ ਦੀ ਕਸਵੱਟੀ ਤੇ ਪਰਖੀਏ। ਇਸਦੇ ਸੱਚੀ ਹੋਣ ਦੇ ਵਿਰੋਧ ਵਿੱਚ ਹੇਠ ਲਿਖੇ ਨੁਕਤੇ ਖਾਸ ਧਿਆਨ ਦੇਣ ਯੋਗ ਹਨ।

1. **ਭਗਤ ਜੀ ਦੀ ਆਪਣੇ ਸ਼ਬਦ**: ਧੰਨਾ ਜੀ ਦੇ ਸ਼ਬਦ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਗੁਰਬਾਣੀ ਦਾ ਇਹ ਨਿਯਮ ਹੈ ਕਿ ਸ਼ਬਦ ਦਾ ਕੇਂਦਰੀ ਭਾਵ ਉਸਦੀ ਰਹਾਉ ਵਾਲੀ ਪੰਕਤੀ ਵਿੱਚ ਹੁੰਦਾ ਹੈ। ਸ਼ਬਦ ਦੀ ਰਹਾਉ ਵਾਲੀ ਪੰਕਤੀ ਇਹ ਹੈ —

***ਗੋਪਾਲ ਤੇਰਾ ਆਰਤਾ॥ ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥* (ਪੰਨਾ ੬੯੫)**

(ਹੇ ਪ੍ਰਿਥਵੀ ਦੇ ਪਾਲਣ ਵਾਲੇ ਪ੍ਰਭੂ ! ਮੈਂ ਤੇਰੇ ਦਰ ਦਾ ਮੰਗਤਾ ਹਾਂ। ਮੇਰੀਆਂ ਲੋੜਾਂ ਪੂਰੀਆਂ ਕਰ। ਜੋ ਜੋ ਮਨੁੱਖ ਤੇਰੀ ਭਗਤੀ ਕਰਦੇ ਹਨ, ਤੂੰ ਉਹਨਾਂ ਦੇ ਕੰਮ ਸਿਰੇ ਚਾੜ੍ਹਦਾ ਹੈਂ। (ਪ੍ਰੋ. ਸਾਹਿਬ ਸਿੰਘ)

ਸ਼ਬਦ ਵਿੱਚ ਸਪਸ਼ਟ ਹੈ ਕਿ ਧੰਨੇ ਨੇ ਭਗਤੀ ਕਰਨ ਵਾਲਿਆਂ ਦੇ ਕਾਜ ਸਵਾਰਨ ਦੀ ਗੱਲ ਕੀਤੀ ਹੈ। ਇਹ ਗੱਲ ਉਹ ਤਦ ਹੀ ਕਹਿ ਸਕਦੇ ਨੇ ਜੇ ਉਹਨਾਂ ਖੁਦ ਭਗਤੀ ਕੀਤੀ ਹੋਈ ਹੈ। ਸਾਰੇ ਸ਼ਬਦ ਵਿੱਚ ਕਿਤੇ ਵੀ ਪੱਥਰ ਦੀ ਗੱਲ ਨਹੀਂ ਹੈ।

2. **ਭਾਈ ਗੁਰਦਾਸ ਜੀ ਦੀ ਲਿਖਤ:** ਭਾਈ ਗੁਰਦਾਸ ਜੀ ਨੇ ਆਪਣੀ ਇੱਕ ਵਾਰ ਵਿੱਚ ਧੰਨੇ ਦੇ ਠਾਕੁਰ ਪੂਜਣ ਦੀ ਘਟਨਾ ਨੂੰ ਬਿਆਨਿਆ ਹੈ। ਜਿਸ ਦੇ ਆਧਾਰ ਤੇ ਕੁਝ ਲੋਕ ਭਗਤ ਜੀ ਨੂੰ ਪੱਥਰ-ਪੂਜਕ ਕਹਿਣ ਵਿੱਚ ਘੌਲ ਨਹੀਂ ਕਰਦੇ। ਪਹਿਲਾਂ ਇਹ ਪਉੜੀ ਹੀ ਦੇਖੀਏ। ਭਾਈ ਗੁਰਦਾਸ ਜੀ ਲਿਖਦੇ ਹਨ:-

***ਬ੍ਰਾਹਮਣ ਪੂਜੇ ਦੇਵਤੇ ਧੰਨਾ ਗਊ ਚਰਾਵਣ ਆਵੈ॥ ਧੰਨੇ ਡਿਠਾ ਚਲਿਤ ਏਹੁ ਪੂਛੈ ਬ੍ਰਾਹਮਣ ਆਖਿ ਸੁਣਾਵੈ॥ ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲ ਪਾਵੈ॥ ਧੰਨਾ ਕਰਦਾ ਜੋਦੜੀ ਮੈਂ ਭਿ ਦੇਹ ਇੱਕ ਜੇ ਤੁਧ ਭਾਵੈ॥ ਪਥਰੁ ਇਕ ਲਪੇਟਿ ਕਰਿ ਦੇ ਧੰਨੈ ਤੌਂ ਗੈਲ ਛਡਾਵੈ॥ ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ॥ ਹਥਿ ਜੋੜਿ ਮਿੰਨਤਾਂ ਕਰੈ ਪੈਰੀਂ ਪੈ ਪੈ ਬਹੁਤ ਮਨਾਵੈ॥ ਹਉ ਭੀ ਮੁਹੁ ਨਾ ਜੁਠਾਲਸਾਂ ਤੂੰ ਰੁਠਾ ਮੈਂ ਕਿਹੁ ਨਾ ਸੁਖਾਵੈ॥ ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ॥ ਭੋਲਾ ਭਾਉ ਗੋਬਿੰਦੁ ਮਿਲਾਵੈ॥* (ਭਾਈ ਗੁਰਦਾਸ ਵਾਰ ੧੦, ਪਉੜੀ ੧੩)**

ਜਿਵੇਂ ਸ਼ਬਦ ਦੀ ਰਹਾਉ ਵਾਲੀ ਪੰਕਤੀ ਵਿੱਚ ਉਸਦਾ ਕੇਂਦਰੀ ਭਾਵ ਹੁੰਦਾ ਹੈ, ਉਸੇ ਤਰਾਂ ਕਿਸੇ ਵੀ ਵਾਰ ਦੀ ਪਉੜੀ ਦੀ ਆਖਰੀ ਪੰਕਤੀ, ਜਿਹੜੀ ਉਸ ਪਉੜੀ ਦੀਆਂ ਬਾਕੀ ਪੰਕਤੀਆਂ ਤੋਂ

ਛੋਟੇ ਆਕਾਰ ਦੀ ਹੁੰਦੀ ਹੈ, ਉਸ ਵਿੱਚ ਪਉੜੀ ਦਾ ਕੇਂਦਰੀ ਭਾਵ ਸਮਾਇਆ ਹੁੰਦਾ ਹੈ। (ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਅਧਿਆਤਮਕ ਵਾਰਾਂ ਤੇ ਵੀ ਇਹ ਗੱਲ ਲਾਗੂ ਹੁੰਦੀ ਹੈ।)

ਭਾਈ ਗੁਰਦਾਸ ਜੀ ਦੀਆਂ ਵਾਰਾਂ ਦੇ ਨਿਯਮ ਅਨੁਸਾਰ ਪਉੜੀ ਦੀਆਂ ਪਹਿਲੀਆਂ ਪੰਕਤੀਆਂ ਵਿੱਚ ਕਈ ਵਾਰੀ ਦੂਸਰੇ ਮੱਤਾਂ ਦਾ ਜਿਕਰ ਕਰ ਕੇ ਅਖੀਰਲੀ ਪੰਕਤੀ ਵਿੱਚ ਗੁਰਮਤਿ ਸਿਧਾਂਤ ਹੁੰਦਾ ਹੈ, ਕਿਤੇ ਪਹਿਲੀਆਂ ਪੰਕਤੀਆਂ ਵਿੱਚ ਉਸ ਸਮੇਂ ਪ੍ਰਚੱਲਿਤ ਵਿਸ਼ਵਾਸ਼ ਜਾਂ ਵਿਚਾਰਧਾਰਾਵਾਂ ਦਾ ਜਿਕਰ ਵੀ ਹੁੰਦਾ ਹੈ। ਕਈ ਥਾਂ ਪਹਿਲੀਆਂ ਪੰਕਤੀਆਂ ਵਿੱਚ ਕੇਂਦਰੀ ਭਾਵ (ਅੰਤਲੀ ਪੰਕਤੀ) ਦੀ ਵਿਆਖਿਆ ਹੁੰਦੀ ਹੈ ਜਾਂ ਉਦਾਹਰਣਾਂ ਦਿੱਤੀਆਂ ਗਈਆਂ ਹੁੰਦੀਆਂ ਹਨ। ਪਰ ਅੰਤਲੀ ਛੋਟੀ ਪੰਕਤੀ ਵਿੱਚ ਗੁਰਮਤਿ ਦਾ ਸਾਰ ਤੱਤ ਹੁੰਦਾ ਹੈ। ਇਸ ਅਨੁਸਾਰ ਇਸ ਪਉੜੀ ਦੀ ਆਖਰੀ ਪੰਕਤੀ ਵਿੱਚ "ਭੋਲਾ ਭਾਉ ਗੋਬਿੰਦ ਮਿਲਾਵੈ" ਵਿੱਚ ਸਾਰ ਤੱਤ ਹੈ। ਇਹ ਗੱਲ ਗੁਰਬਾਣੀ ਵਿੱਚ ਕਈ ਥਾਂ ਤੇ ਆਈ ਹੈ ਕਿ ਗੋਬਿੰਦ ਪ੍ਰੇਮ ਅਤੇ ਭਾਉ ਦਾ ਭੁੱਖਾ ਹੈ ਅਤੇ ਉਸਨੂੰ ਬਾਲਾਂ ਵਾਲੀ ਨਿਰਛਲ ਅਤੇ ਪਿਆਰ ਭਰੀ ਭਾਵਨਾ ਨਾਲ ਪਾਇਆ ਜਾ ਸਕਦਾ ਹੈ।

ਭਾਈ ਗੁਰਦਾਸ ਜੀ ਨੇ ਹੀ ਹੋਰ ਥਾਵਾਂ ਤੇ ਵੀ ਭਗਤ ਧੰਨੇ ਬਾਰੇ ਲਿਖਿਆ ਹੈ

***ਧੰਨਾ ਜਟੁ ਉਧਰਿਆ ਸਧਨਾ ਜਾਤਿ ਅਜਾਤਿ ਕਸਾਈ॥ ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ॥* (ਵਾਰ ੧੨ ਪਉੜੀ ੧੫)**

***ਬੇਣੁ ਤਿਲੋਚਨੁ ਨਾਮਦੇਉ ਧੰਨਾ ਸਧਨਾ ਭਗਤ ਸਦਾਏ॥ ਭਗਤੁ ਕਬੀਰ ਵਖਾਣੀਐ ਜਨੁ ਰਵਿਦਾਸੁ ਬਿਦਰ ਗੁਰੁ ਭਾਏ॥* (ਵਾਰ ੨੩ ਪਉੜੀ ੧੫)**

***ਅਸੁਰ ਭਭੀਖਣੁ ਭਗਤੁ ਹੈ ਬਿਦਰੁ ਧ੍ਰੂ ਵਿਖਲੀ ਸਰਣਾਈ॥ ਧੰਨਾ ਜਟੁ ਵਖਾਣੀਐ ਸਧਨਾ ਜਾਤਿ ਅਜਾਤਿ ਕਸਾਈ॥ (ਵਾਰ ੨੫ ਪਉੜੀ ੫)**

ਪਰ ਕਿਧਰੇ ਵੀ ਪੱਥਰ ਵਿਚੋਂ ਪਾਏ ਜਾਣ ਦਾ ਜਿਕਰ ਨਹੀਂ, ਸਗੋਂ ਧੰਨਾ ਭਗਤ ਸ਼ਬਦ ਵਰਤਿਆ ਗਿਆ ਹੈ।

**(ਭਾਗ 2 ਅਗਲੇ ਅੰਕ ਵਿਚ ਪੜ੍ਹੋ ਜੀ)**

## ਗੁਰੂ ਨਾਨਾਕ ਸਾਹਿਬ ਦੀ ਸੱਚ ਦੀ ਵਿਚਾਰਧਾਰਾ ਦਾ ਵਿਰੋਧ ਕਿਉਂ?

ਗਲੋਬਲ ਸਿੱਖ ਕੌਂਸਲ 2 ਮਾਘ 557 (15 ਜਨਵਰੀ 2026) ਦਾ ਵੈਬੀਨਾਰ

*ਵਿਦਵਾਨਾ ਵਲੋਂ ਸਾਂਝੇ ਕੀਤੇ ਗਏ ਵਿਚਾਰਾਂ ਦਾ ਸੰਖੇਪ (ਕਾਬਲ ਸਿੰਘ, ਐਡਮਿੰਟਨ, ਕੈਨੇਡਾ)*

- ਅਗਿਆਨਤਾ ਸੱਚ ਦੀ ਵਿਰੋਧੀ ਹੁੰਦੀ ਹੈ। ਬਹੁਤੀ ਲੁਕਾਈ ਗੁਰੂ ਨਾਨਕ ਦੀ ਵਿਚਾਰ ਧਾਰਾ ਤੋਂ ਅਣਜਾਣ ਹੈ ਇਸ ਲਈ ਵਿਰੋਧ ਕਰਦੀ ਹੈ।
- ਗੁਰੂ ਨਾਨਕ ਦੀ ਵਿਚਾਰ ਧਾਰਾ ਇਹ ਸਮਝਾਉਂਦੀ ਹੈ ਕਿ ਅਕਾਲ ਪੁਰਖ ਸੱਭ ਦੇ ਅੰਦਰ ਹੈ, ਪਰ ਇਹ ਗੱਲ ਬਹੁਤੀ ਲੁਕਾਈ ਦੀ ਪਕੜ ਵਿੱਚ ਨਹੀਂ ਆਉਦੀ। ਇਸ ਲਈ ਬਹੁਤੀ ਲੁਕਾਈ ਵਿਰੋਧ ਕਰਦੀ ਹੈ।
- ਗੁਰੂ ਨਾਨਕ ਦੀ ਵਿਚਾਰ ਧਾਰਾ ਧਰਮ ਦੇ ਵਿਚੋਲਿਆਂ (ਪੁਜਾਰੀ, ਡੇਰੇਦਾਰ, ਠਕੇਦਾਰ), ਅਤੇ ਧਰਮ ਨੂੰ ਧੰਦਾ ਬਣਾਉਣ ਦਾ ਖੰਡਨ ਕਰਦੀ ਹੈ। ਇਸ ਲਈ ਵਿਰੋਧ ਹੈ।
- ਗੁਰੂ ਨਾਨਕ ਦੀ ਵਿਚਾਰ ਧਾਰਾ ਸੱਚ ਹੱਕ ਦਾ ਪਰਚਾਰ ਕਰਦੀ ਹੈ। ਰਾਜ ਤੇ ਸੱਤਾ ਵਾਲੇ ਲੁਕਾਈ ਨੂੰ ਉਲਝਾ ਕੇ ਹਨ੍ਹੇਰੇ ਵਿਚ ਰੱਖਣਾ ਚਾਹੁੰਦੇ ਤੇ ਆਪਣਾ ਦਬਾ ਬਣਾ ਕੇ ਰੱਖਣਾ ਚਾਹੰਦੇ ਹਨ। ਇਸ ਲਈ ਵਿਰੋਧ ਕਰਦੇ ਹਨ।
- ਗੁਰੂ ਨਾਨਕ ਨੂੰ ਗੁਰੂ ਮੰਨਣ ਦਾ ਕੋਈ ਵਿਰੋਧ ਨਹੀਂ। ਉਸ ਦੀ ਵਿਚਾਰ ਧਾਰਾ ਦਾ ਵਿਰੋਧ ਹੈ।
- ਗੁਰੂ ਨਾਨਕ ਦੀ ਵਿਚਾਰ ਧਾਰਾ ਕਰਾਮਾਤਾਂ ਦਾ ਵਿਰੋਧ ਕਰਦੀ ਹੈ। ਹੋਰ ਧਰਮਾਂ ਵਾਲੇ ਕਰਾਮਾਤਾਂ ਵਿਚ ਵਿਸ਼ਵਾਸ ਕਰਦੇ ਹਨ। ਇਸ ਲਈ ਵਿਰੋਧ ਕਰਦੇ ਹਨ।
- ਗੁਰੂ ਨਾਨਕ ਦੀ ਵਿਚਾਰ ਧਾਰਾ ਦੇ ਸੱਚ ਨੇ ਝੂਠ ਨੂੰ ਵੰਗਾਰਿਆ। ਸਭ ਕਰਮਕਾਂਢਾਂ ਦਾ ਵਿਰੋਧ ਕੀਤਾ। ਸਭ ਨੂੰ ਹਿਲਾ ਦਿਤਾ। ਇਸ ਲਈ ਵਿਰੋਧ ਹੈ।
- ਗੁਰੂ ਨਾਨਕ ਦੀ ਵਿਚਾਰ ਧਾਰਾ ਸਭ ਦੀ ਬਰਾਬਰੀ ਪਰਚਾਰਦੀ ਹੈ। ਇਸ ਲਈ ਜਾਤ ਪਾਤ, ਊਚ ਨੀਚ ਵਿਚ ਵਿਸ਼ਵਾਸ ਰੱਖਣ ਵਾਲੇ ਇਸ ਦਾ ਵਿਰੋਧ ਕਰਦੇ ਹਨ।
- ਗੁਰੂ ਨਾਨਕ ਦੀ ਵਿਚਾਰ ਧਾਰਾ ੴ ਦਾ ਪਰਚਾਰ ਕਰਦੀ ਹੈ ਤੇ ਏਕਤਾ ਲਿਆਉਂਦੀ ਹੈ। ਸਵਾਰਥੀਆਂ ਦਾ ਏਕਤਾ ਲਿਆਉਣ ਵਾਲਿਆਂ ਨਾਲ ਵਿਰੋਧ ਹੈ।
- ਗੁਰੂ ਨਾਨਕ ਦੀ ਵਿਚਾਰ ਧਾਰਾ ਕੂੜ, ਧਰਮ ਪਖੰਡਾਂ, ਕਰਮਕਾਂਢਾਂ, ਫਰੇਬਾਂ ਨਾਲ ਰਾਜ ਕਰਨ ਵਾਲਿਆਂ ਤੇ ਕੂੜ ਰਾਜਨੀਤੀ ਦੇ ਸੰਗਠਨ ਦਾ ਵਿਰੋਧ ਕਰਦੀ ਹੈ। ਇਹ ਸੁਭਾਵਿਕ ਹੀ ਹੈ ਕਿ ਉਹ ਦੋਵੈਂ ਰਲ ਕੇ ਗੁਰੂ ਨਾਨਕ ਦੀ ਵਿਚਾਰ ਧਾਰਾ ਦਾ ਵਿਰੋਧ ਕਰਦੇ ਹਨ।
- ਗੁਰੂ ਨਾਨਕ ਦੀ ਵਿਚਾਰ ਧਾਰਾ ਝੂਠੇ ਰੀਤੀ ਰਵਾਜਾਂ ਦਾ ਵਿਰੋਧ ਕਰਦੀ ਹੈ। ਲੁਕਾਈ ਕੋਲੋਂ ਰੀਤੀ ਰਿਵਾਜਾਂ ਤੋਂ ਛੁਟਕਾਰਾ ਪਾਉਣਾ ਔਖਾ ਹੈ। ਇਸ ਲਈ ਉਹ ਗੁਰੂ ਨਾਨਕ ਦੀ ਵਿਚਾਰਧਾਰਾ ਮੰਨਦਿਆਂ ਹੋਇਆਂ ਵੀ ਅਪਣਾਉਣ ਵਿਚ ਅਸਮਰਥ ਹਨ।
- ਗੁਰੂ ਨਾਨਕ ਦੀ ਵਿਚਾਰ ਧਾਰਾ ਸਚਿਆਰ ਜੀਵਨ ਜਾਚ ਦੱਸਦੀ ਹੈ ਪਰ ਲੁਕਾਈ ਨੂੰ ਸੱਚਾ ਜੀਵਨ ਮੁਸ਼ਕਲ ਲਗਦਾ ਹੈ। ਇਸ ਲਈ ਜਾਣਦਿਆਂ ਹੋਇਆਂ ਵੀ ਅਪਣਾਉਣ ਤੋਂ ਅਸਮਰਥ ਹਨ।
- ਗੁਰੂ ਨਾਨਕ ਦੀ ਵਿਚਾਰ ਧਾਰਾ ਇਨਸਾਨੀਅਤ ਸਿਖਾਉਂਦੀ ਹੈ ਪਰ ਲੁਕਾਈ ਨੂੰ ਇਨਸਾਨੀਅਤ ਲਈ ਆਪਾ ਛਡਣਾਂ ਮੁਸ਼ਕਲ ਲੱਗਦਾ ਹੈ। ਇਸ ਲਈ ਜਾਣਦਿਆਂ ਹੋਇਆਂ ਵੀ ਅਪਣਾਉਣ ਤੋਂ ਅਸਮਰਥ ਹਨ।
- ਗੁਰੂ ਨਾਨਕ ਦੀ ਵਿਚਾਰ ਧਾਰਾ ਹੁਕਮ ਰਜਾਈ ਚੱਲਣ ਦੀ ਗੱਲ ਕਰਦੀ ਹੈ। ਪਰ

ਲੋਕ ਮਨ ਮਰਜੀ ਕਰਨਾ ਚਾਹੁੰਦੇ ਹਨ। ਇਸ ਲਈ ਵਿਰੋਧ ਕਰਦੇ ਹਨ।

- ❖ ਗੁਰੂ ਨਾਨਕ ਦੀ ਵਿਚਾਰ ਧਾਰਾ ਅਨੂਸਾਰ ਪੂਰੇ (ੴ) ਨਾਲ ਜੁੜ ਕੇ ਹੁਕਮ ਮੰਨਣਾ, ਕੁਦਰਤ ਦੀ ਸੰਭਾਲ ਕਰਨੀ, ਸਾਰੀ ਜੁਗਤ ਜਾਣ ਕੇ ਅਮਲ ਕਰਨਾ ਹੀ ਨਾਮ ਹੈ। ਜਿਹੜੇ ਪਛਾਣਦੇ ਵੀ ਹਨ ਹਉਮੇ ਨਹੀ ਛਡਣਾਂ ਚਾਹੁੰਦੇ। ਇਸ ਲਈ ਜਾਣਦਿਆਂ ਹੋਇਆਂ ਵੀ ਅਪਣਾਉਣ ਤੋਂ ਅਸਮਰਥ ਹਨ
- ❖ ਗੁਰੂ ਨਾਨਕ ਦੀ ਵਿਚਾਰ ਧਾਰਾ ਸਚਿਆਰਾਂ ਨਾਲ ਸਬੰਧ ਬਣਾਉਣ ਤੇ ਕੂੜਿਆਰਾਂ ਨਾਲ ਦੂਰੀ ਬਣਾਉਂਣ ਲਈ ਪ੍ਰੇਰਦੀ ਹੈ। ਲੁਕਾਈ ਨੂੰ ਇਹ ਔਖਾ ਲਗਦਾ ਹੈ। ਇਸ ਲਈ ਜਾਣਦਿਆਂ ਹੋਇਆਂ ਵੀ ਅਪਣਾਉਣ ਤੋਂ ਅਸਮਰਥ ਹਨ।
- ❖ ਗੁਰੂ ਨਾਨਕ ਦੀ ਵਿਚਾਰ ਧਾਰਾ ਨੇ ਮਜਬਾਂ ਦੇ ਝੂਠੇ ਪਰਚਾਰਾਂ ਬਾਰੇ ਦੱਸਿਆ। ਜਿਵੇਂ ਮਰਨ ਤੋਂ ਬਾਅਦ ਨਰਕ-ਸੁਰਗ, ਕਿਸਮਤ, ਚਮਤਕਾਰ, ਪਾਪ-ਪੁੰਨ, ਪੂਜਾ, ਤੀਰਥਾਂ ਤੇ ਜਾਣਾ, ਬਲੀਦਾਨ, ਅਵਤਾਰ, ਹੱਠ, ਯੋਗ, ਆਦਿ। ਇਸ ਲਈ ਝੂਠ ਦਾ ਪਰਚਾਰ ਕਰਨ ਵਾਲੇ ਆਪਣੇ ਲਾਭ ਲਈ ਗੁਰੁ ਨਾਨਕ ਦੀ ਵਿਚਾਰ ਧਾਰਾ ਦਾ ਵਿਰੋਧ ਕਰਦੇ ਹਨ।
- ❖ ਗੁਰੂ ਸਾਹਿਬ ਨੇ ਧਰਮ ਤੇ ਰਾਜ, ਦੋਵਾਂ ਨੂੰ ਵੰਗਾਰਿਆ। ਵਿਰੋਧ ਕੁਦਰਤੀ ਸੀ।
- ❖ ਝੂਠ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਸੱਚ ਦਾ ਵਿਰੋਧ ਕਰਦਾ ਹੈ।
- ❖ ਸਾਡੀ ਬਹੁਗਿਣਤੀ ਨਾਲ ਰਹਿਣ ਦੀ ਭੁੱਖ ਹੁੰਦੀ ਹੈ। ਸਮਰੱਥਨ ਲੈਣ ਤੇ ਸਮਰੱਥਾ ਰੱਖਣ ਕਈ ਭਾਸ਼ਾ ਬਦਲ ਲੈਂਦੇ ਹਾਂ। ਇਹ ਵੀ ਵਿਰੋਧ ਦਾ ਇਕ ਕਾਰਣ ਹੈ।

## ਗੁਰਬਾਣੀ ਤੋਂ ਸੇਧ ਲੈ ਕੇ ਗੁਰਬਾਣੀ ਕਿਵੇਂ ਬਣੀਏ?

ਗਲੋਬਲ ਸਿੱਖ ਕੌਂਸਲ ਵਲੋਂ 1 ਫਗਣ 557 (12 ਫਰਵਰੀ 2026) ਦੇ ਵੈਬੀਨਾਰ ਵਿਚ ਗਲਬਾਤ

ਵਿਦਵਾਂਨਾ ਦੇ ਵਿਚਾਰਾਂ ਦਾ ਸੰਖੇਪ ਵਰਨਣ (ਕਾਬਲ ਸਿੰਘ, ਐਡਮਿੰਟਨ, ਕੈਨੇਡਾ))

### ਰੁਕਾਵਟਾਂ

- ਧਰਮ ਦੇ ਮਹਿਨੇ ਸਮਝਣ ਦੀ ਲੋੜ ਹੈ। ਕਈ ਵਾਰ ਚੀਜਾਂ ਹੋਰ ਉਦੇਸ਼ ਲਈ ਕੀਤੀਆਂ ਜਾਂਦੀਆਂ ਹਨ। ਗੁਰਬਾਣੀ ਪੜ, ਸੁਣ ਤੇ ਸਮਝ ਕੇ ਹੀ ਪਤਾ ਲਗਦਾ ਹੈ। **"ਗਿਆਨ ਵਿਹੂਣਾ ਗਾਵੈ ਗੀਤ॥"** (ਪੰਨਾ 1245)
- ਵਡੇ-ਵਡੇ ਸਮਾਗਮਾਂ ਵਿਚ ਬਹੁਤ ਲੋਕ ਹਿਸਾ ਲੈਂਦੇ ਹਨ ਪਰ ਜਿਆਦਾ ਅਸਰ ਨਹੀ ਹੁੰਦਾ ਕਿਉਂਕਿ ਇਨ੍ਹਾਂ ਵਿਚ ਗੁਰਬਾਣੀ ਸਮਝਣ ਬਾਰੇ ਗੱਲਾਂ ਨਹੀ ਹੁੰਦੀਆਂ।
- ਅਸੀਂ ਰਸਮੀ ਗੁਰਬਾਣੀ ਪੜ੍ਹਦੇ ਹਾਂ। ਪਰ ਮੰਨਦੇ ਤੇ ਆਪਣੇ ਪਰਿਵਾਰ ਵਾਂਗ ਪਿਆਰ ਨਹੀਂ ਕਰਦੇ।
- ਤੋਤਾ ਰਟਨ ਜਾਂ ਕਰਮ ਕਾਂਡ (ਸਿੱਖਣ ਤੋਂ ਬਿਨਾਂ ਪਾਠ ਕਰਨੇ ਤੇ ਕਰਵਾਉਣੇ, ਤੀਰਥ ਇਸ਼ਨਾਨ) ਅਹੰਕਾਰ ਪੈਦਾ ਕਰਦੇ ਹਨ।
- ਪਹਿਲਾਂ ਕਰਣੀ ਤੇ ਕਥਨੀ ਵਿਚ ਫਰਕ ਨਹੀਂ ਸੀ। ਹੁਣ ਸਿੱਖ ਦਿਖਣ ਵਾਲੇ ਬੋਲਦੇ ਹੋਰ ਤੇ ਕਰਦੇ ਹੋਰ ਹਨ। ਬੱਚੇ ਇਹ ਵੇਖ ਕੇ ਸਿੱਖੀ ਤੋਂ ਦੂਰ ਹੋ ਰਹੇ ਹਨ।
- ਸਿੱਖ ਇਤਿਹਾਸ ਵਿਚ ਮਿਲਾਵਟ ਹੈ। ਰੀਤੀ ਰਿਵਾਜਾਂ ਦੇ ਪ੍ਰਚਾਰ ਤੇ ਜੋਰ ਹੈ।
- ਹਉਮੈ ਛਡਣ ਦੀ ਲੋੜ ਹੈ। **"ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ (ਪੰਨਾ 466)**
- ਮਨ ਇਕਾਗਰ ਕਰਨਾ ਜਰੂਰੀ ਹੈ:

**"ਸਾਧੋ ਇਹੁ ਮਨੁ ਗਹਿਓ ਨ ਜਾਈ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥ (ਪੰਨਾ 219)**

**"ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ ਇਹ ਜਗਤੁ ਭਰਮ ਭੁਲਾਇਆ ਵਿਰਲਾ ਬੂਝੈ ਕੋਇ॥ (ਪੰਨਾ 558)**

### ਸਿੱਖੀ ਜਨਮ ਨਾਲ ਨਹੀਂ

- ਸਿੱਖ ਪ੍ਰਵਾਰ ਵਿਚ ਜਨਮ ਹੋਣ ਕਰਕੇ ਸਿੱਖ ਨਹੀਂ ਕਹਾ ਸਕਦੇ। ਸਿੱਖ ਬਣਨ ਲਈ ਗੁਰਬਾਣੀ ਤੋਂ ਸੇਧ ਲੈ ਕੇ ਮਿਹਨਤ ਦੀ ਲੋੜ ਹੈ।

**"ਹੋਰ ਫਕੜੁ ਹਿੰਦੂ ਮੁਸਲਮਾਣੈ॥ ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ॥ (ਪੰਨਾ 951)**

**"ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨਿ ਜਨਮ ਜੂਐ ਹਾਰਿਆ॥" (ਪੰਨਾ 919)**

**"ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥ ਅਨਹਤਿ ਰਾਤੇ ਇਹ ਮਨ ਲਾਇਆ॥ (ਪੰਨਾ 940)**

**"ਕਬੀਰ ਤੂੰ ਤੂੰ ਕਰਤਾ ਤੂ ਹੁਆ ਮੁਝ ਮਹਿ ਰਹਾ ਨ ਹੂੰ॥ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥" (ਪੰਨਾ 1375)**

### ਗੁਰਬਾਣੀ ਬਣਨਾ ਇਕ ਕੰਮ ਹੈ

- ਗੁਰਬਾਣੀ ਮੇਰੇ ਵਾਸਤੇ ਹੈ। ਸੋ ਆਪ ਸਿੱਖਣ ਲਈ ਹੈ।

- ਗੁਰਬਾਣੀ ਦੇ ਲੜ ਲਗਣ ਲਈ ਸਿਰਫ ਸ਼ਰਧਾ ਹੀ ਨਹੀਂ, ਮਨ ਨਾਲ ਕਮਾਈ ਦੀ ਲੋੜ ਹੈ।
- ਆਪ ਪੜੀਏ, ਵਿਚਾਰੀਏ ਤੇ ਅਮਲ ਕਰੀਏ।
- ਸਿੱਖਣ ਲਈ ਵਿਆਕਰਣ ਤੇ ਅੰਦਰਲੇ ਸੁਨੇਹੇਂ ਨੂੰ ਸਮਝੀਏ। 'ਜਿਵੇਂ: ਰੋਕੋ, ਨ ਜਾਣ ਦਿਓ' ਤੇ 'ਰੋਕੋ ਨ, ਜਾਣ ਦਿਓ' ਦੇ ਸੁਨੇਹੇਂ ਵਿਚ ਫਰਕ ਹੈ।
- ਕਰਣੀ ਤੇ ਕਥਨੀ ਇਕ ਕਰਨ ਦੀ ਲੋੜ ਹੈ।

## ਗੁਰਬਾਣੀ ਕਿਵੇਂ ਬਣੀਏ

- ਕੀ ਅਸੀਂ ਗੁਰਬਾਣੀ ਬਣਨ ਯੋਗ ਹਾਂ? ਕੀ ਸਿਖਿਆ ਲੈ ਕੇ ਜੀਵਨ ਉਚਾ ਕਰ ਕਹੇ ਹਾਂ?
- ਗੁਰਬਾਣੀ ਸ਼ੀਸ਼ਾ ਹੈ ਜਿਸ ਵਿਚ ਆਪਣਾ ਕਿਰਦਾਰ ਵੇਖ ਸਕਦੇ ਹਾਂ। ਸੇਧ ਤੇ ਆਤਮਕ ਬਲ ਲੈ ਕੇ ਜਿਉਂਣ ਰਾਹੀ ਜੀਵਨ ਵਿਚ ਲਿਆਉਣੀ ਹੈ।
- ਮਨ ਵਿਚ ਗੁਰਬਾਣੀ ਵਸਾ ਕੇ ਤੇ ਜੀਵਨ ਅਧਾਰ ਬਣਾ ਕੇ ਨਿਰਭਉ, ਨਿਰਵੈਰ, ਨਿਰਲੇਪ, ਉਚ ਨੀਚ ਰਹਿਤ ਬਣ ਸਕਦੇ ਹਾਂ।
- ਮਨ ਨੂੰ ਦਿਸ਼ਾ ਮਿਲ ਜਾਵੇ ਤਾਂ ਸਰੀਰ ਗੁਰਬਾਣੀ ਬਣ ਜਾਂਦਾ ਹੈ।
- ਹੁਕਮ ਨੂੰ ਪਛਾਣ ਕੇ ਅਕਾਲ ਪੁਰਖ ਨਾਲ ਜੁੜੀਏ। ਹੁਕਮ ਮਨਣਾਂ ਵੱਡੇ ਭਾਗ ਹਨ।

**"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥" (ਪੰਨਾ 304)**

- ਕਾਦਰ ਨੂੰ ਕੁਦਰਤ ਵਿਚ ਵੇਖੀਏ। ਕੁਦਰਤ ਦੇ ਨਿਯਮਾਂ ਨੂੰ ਜੀਵਨ ਵਿਚ ਧਾਰਨ ਕਰੀਏ ਤਾਂ ਬਦਲਾਅ ਆਉਂਦਾ ਹੈ।

**"ਪਰ ਕਾ ਬੁਰਾ ਨ ਰਾਖਉ ਚੀਤ॥ ਤੁਮ ਕੋ ਦੁਖੁ ਨਹ ਭਾਈ ਮੀਤ॥" (ਪੰਨਾ 386)**

**"ਨਾਮ ਧਿਆਏ ਸਦਾ ਸੁਖ ਪਾਏ ਨਾਮਿ ਰਹੈ ਲਿਵ ਲਾਏ॥ (ਪੰਨਾ 246)**

**"ਗੁਰਸਿਖ ਮੀਤ ਚਲਹੁ ਗੁਰ ਚਾਲੀ॥ ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥" (ਪੰਨਾ 667)**

**"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ (ਪੰਨਾ 1)**

**"ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥ ਜਹਾ ਲੋਭੁ ਤਹ ਕਾਲ ਹੈ ਜਹਾ ਖਿਮਾ ਤਹ ਆਪਿ॥ (ਪੰਨਾ 1372)**

- ਨੇਕ ਕਮਾਈ ਰਾਹੀਂ ਪਰਿਵਾਰ, ਸਮਾਜ ਤੇ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰੀਐ।
  **"ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" (ਪੰਨਾ 1245)**
- ਗੁਰਬਾਣੀ ਬਣਨ ਲਈ ਸਵੈ ਪੜਚੋਲ ਕਰੀਏ।

**"ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗ ਲਾਇ॥" (ਪੰਨਾ 1346)**

- ਗੁਰਬਾਣੀ ਤੇ ਗੁਰੂ ਸਾਹਿਬਾਂ ਨੇ ਵਿਹਾਰਕ ਜੀਵਨ ਜਿਉਂਣ ਲਈ ਪ੍ਰੇਰਿਆ ਹੈ। ਸਹਿਜ ਵਿਚ ਕੰਮ ਕਾਰ ਕਰਦਿਆਂ ਗੁਰਬਾਣੀ ਵੱਲ ਧਿਆਨ ਰੱਖਣ ਦੀ ਪ੍ਰੇਰਨਾ ਹੈ। ਜਿਵੇਂ ਮਾਂ ਕੰਮ ਕਾਰ ਕਰਦਿਆਂ ਬੱਚੇ ਵਿਚ ਧਿਆਨ ਰੱਖਦੀ ਹੈ।

**"ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਣੀ॥" (ਪੰਨਾ 879)**

**"ਗੁਰਮੁਖ ਸਉ ਕਰ ਦੋਸਤੀ ਸਤਿਗੁਰ ਸਉ ਲਾਇ ਚਿਤ॥" (ਪੰਨਾ 1421)**

- ਗੁਰਬਾਣੀ ਆਪਣੇ ਜੀਵਨ ਦਾ ਹਿਸਾ ਬਣਾ ਲਈਐ;

**"ਮਨ ਤੂੰ ਜੋਤ ਸਰੂਪ ਹੈ ਆਪਣਾ ਮੂਲੁ ਪਛਾਣ॥ ਮਨ ਹਰਿ ਤੇਰੇ ਨਾਲਿ ਹੈ ਗੁਰਮਤੀ ਰੰਗ ਮਾਣ॥" (ਪੰਨਾ 441)**

ਮਨ ਦੀ ਮੈਲ ਲਾਹ ਕੇ ਸਹਿਜ ਅਵਸਥਾ ਵਿਚ ਲਿਆ ਕੇ ਸੋਧਣ ਦੀ ਲੋੜ ਹੈ।

**"ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥ (ਪੰਨਾ 919)**

**"ਜਨਮ ਜਨਮ ਕੀ ਮਲੁ ਉਤਰੇ ਗੁਰ ਧੂੜੀ ਨਾਪੈ॥ ਜਿਨ ਹਰਿ ਭਾਣਾ ਮੰਨਿਆ ਤਿਸੁ ਸੋਗੁ ਨ ਸੰਤਾਪੇ॥ (ਪੰਨਾ 1097)**

- ਗੁਰਬਾਣੀ ਨੂੰ ਸਮਝ ਕੇ ਮਨ ਸ਼ਬਦ ਨਾਲ ਸਾਫ ਕਰੀਏ॥

**"ਮਮਤਾ ਕੀ ਮਲ ਉਤਰੈ ਇਹੁ ਮਨ ਹਛਾ ਹੋਇ॥" (ਪੰਨਾ 558)**

**"ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ ਮਾਹਿ॥ ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦ ਕਮਾਹਿ॥ (ਪੰਨਾ 466)**

**"ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥" (ਪੰਨਾ 969)**

## ਗ੍ਰਹਿਸਥ ਤੇ ਵਿਕਾਰ

- ਗ੍ਰਹਿਸਥ ਜੀਵਨ ਅਨੁਸਾਰ ਕੰਮ ਕਾਰ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਨਹੀਂ ਹਨ।
- ਜਿਵੇਂ ਏਕਾ ਨਾਰੀ ਜਤੀ ਕਹਾਵੇ।

**"ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆਂ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਪੰਨਾ 522)**

- ਗ੍ਰਹਿਸਥ ਜੀਵਨ ਦੀ ਲੋੜ ਅਨੁਸਾਰ, ਜਿਵੇਂ ਔਰਤ ਇਮਾਨ, ਪੁੱਤਰ ਨਿਸ਼ਾਨ, ਦੌਲਤ ਗੁਜਰਾਨ ਸਿਧਾਤਾਂ ਦੀ ਪਾਲਨ ਕਰੀਐ।
- ਪਰ ਲੋੜ ਤੋਂ ਵੱਧ ਵਿਕਾਰਾਂ ਤੋਂ ਬੱਚਣ ਦੀ ਲੋੜ ਹੈ।

## ਸਾਰਅੰਸ਼

- ਗੁਰਬਾਣੀ ਆਪ ਪੜ, ਸੁਣ ਤੇ ਸਮਝ ਕੇ ਅਮਲ ਕਰੀਐ।
- ਗੁਰਬਾਣੀ ਤੋਂ ਸੇਧ ਲੈ ਕੇ, ਪਰ ਵਿਕਾਰਾਂ ਤੋਂ ਪਰੇ ਰਹਿ ਕੇ, ਗ੍ਰਹਸਿਥ ਜੀਵਨ ਦੇ ਫਰਜ ਪੂਰੇ ਕਰਦੇ ਹੋਏ ਵਿਤ ਅਨੁਸਾਰ ਲੋੜਵੰਦਾਂ ਦੀਆਂ ਜਰੂਰਤਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰੀਐ।
- ਗੁਰਬਾਣੀ ਵਿਚ ਦਰਸਾਏ ਨਿਯਮ ਵਰਤ ਕੇ ਮਨ ਨੂੰ ਵੱਸ ਕਰਕੇ ਸਿੱਖੀ ਨਾਲ ਸਬੰਧਤ ਸਮਾਜਿਕ ਫਰਜ ਨਿਭਾਈਐ।

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

**ਮੈਗਜ਼ੀਨ ਦੀ ਨੀਤੀ:** ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰਨਿੱਜੀ ਲੇਖ/ ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ।

1. ਸੰਪਾਦਕੀ ਬੋਰਡ ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ ਹੈ, ਜ਼ਿਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ
2. ਲਿਖਤ ਪੰਜਾਬੀ (ਅਨਮੋਲ ਲਿਪੀ), ਅੰਗਰੇਜ਼ੀ (ਟਾਈਮਜ਼ ਨਿਊ ਰੋਮਨ) ਵਰਡ-14 ਫੌਂਟ ਵਿਚ ਹੀ ਹੋਵੇ
3. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਬਿਲਕੁਲ ਨਾ ਹੋਵੇ ਜੀ
4. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਜ਼ਰੂਰੀ ਛੱਡੀ ਹੈਵੇ
5. ਲੇਖਕ ਦਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ਈਮੇਲ, ਵੱਟਸਐਪ, ਸੰਖੇਪ ਜਾਣਕਾਰੀ ਦਿਓ
6. ਲੇਖ ਦੀ ਕੁਲ ਲੰਬਾਈ ਲੈਪਟਾਪ ਦੇ ਵਧ ਤੋਂ ਵਧ ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ
7. ਲੰਬੇ ਲੇਖ ਸਾਡੇ ਵੈੱਬਸਾਈਟ (***sanjihivirasat.org***) ਦੇ 'ਬਲੌਗ' ਤੇ ਜਾਂ ਲੜੀਵਾਰ ਛਾਪੇ ਜਾਣਗੇ
8. ਲੇਖਕਾਂ/ ਕਵੀਆਂ ਦੀ ਜ਼ਿਮੇਵਾਰੀ ਹੋਵੇਗੀ '**Copyright Infringement**' ਨਹੀਂ ਹੋਣੀ ਚਾਹੀਦੀ
9. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਅਤੇ ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਸਾਲ ਦਿਓ
10. ਗੁਰਬਾਣੀ ਲਈ ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਣਾ ਜ਼ਰੂਰੀ ਹੈ

### Important Information for Authors

**Magazine Policy** : To Promote Punjabi Culture, History & Heritage, by Secular, Non-Political, Non-Personal Articles/Poems, after Review

1. **Editorial Board**: Will not be responsible for views of Authors /Poets
2. **Font size 14**: Panjabi - Anmol Lipi (English -Times New Roman)
3. **Spacing, margin**: Line-to-line 1.0, One Inch Margins on all four sides
4. **Format -WORD**: No PDF, Photocopy, Printscreen, Snip, Office-Lens
5. **Author's Data**: Name, City (Country), Brief (own) Introduction
6. **Author's Contact**: Phone, e-mail, or WhatsApp. (Photo is optional)
7. **Maximum Length**: Two pages (Including Photo) / 800 Laptop words)
8. **Longer Articles**: On blog Website ***(sanjhivirasat.org)*** / serialized
9. **Copy -right (CR)**: Authors will certify there is No CR Infringement
10. **References/Photo**: Source (Author, Title, Journal/Book, Year, Pages.

# ਸੰਪਾਦਕੀ ਮੰਡਲ

Editorial Board

## ਸਵਰਗਵਾਸੀ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ – Emereitus ਸੰਸਥਾਪਕ ਸੰਪਾਦਕ

Prof. (Dr) Surjit Singh Bhatti – Founding Emeritus Editor

**ਸੰਪਾਦਕ**

| | |
|---|---|
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਪ੍ਰਿੰਸੀਪਲ (ਡਾ.) ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |

**ਸਲਾਹਕਾਰ**

| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

s

# ਐਡੀਟੋਰੀਅਲ ਬੋਰਡ

(Editorial Board)



ਡਾ ਕਾਬਲ ਸਿੰਘ
ਮੁੱਖ ਸੰਪਾਦਕ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਰਾਜਾ ਬਲਰਾਜ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਸ੍ਰ. ਯੁਵਰਾਜ ਸਿੰਘ

# ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh



ਡਾ. ਰਾਜਬੀਰ ਸਿੰਘ ਭੱਟੀ

# ਸਵਰਗਵਾਸੀ ਪ੍ਰੋ. ਡਾ. ਸੁਰਜੀਤ ਸਿੰਘ ਭੱਟੀ

## Emereitus ਸੰਸਥਾਪਕ ਸੰਪਾਦਕ



Late. Prof. (Dr) Surjit Singh Bhatti
Emeritus Editor-in-Chief